BEST DEAL TRAVEL INC.
SPECIAL FARE TO INDIA
LICENSE # BCCP 79578
#120 13740 72A Ave Surrey BC
YOU CAN CONTACT US AT WHATSAPP ALSO PARDEEP SANDHU
778-895-5422

ROYAL TOUCH HOMES "DREAMS TO REALTY"
-CONTRACTING -CUSTOM HOMES -LICENSED BUILDER -FRAMING
ਲੋਅਰਮੇਨਲੈਂਡ-ਫਰੇਜਰ ਵੈਲੀ ਵਿਚ ਆਪਣਾ ਸੁਪਨਿਆਂ ਦਾ ਘਰ ਬਣਾਉਣ ਲਈ ਸਾਡੇ ਨਾਲ ਸੰਪਰਕ ਕਰੋ
JASVIR S. SANGHA: 778-847-9128 BUILDER

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਐਬਟਸਫੋਰਡ ਗਾਰਡੀਅਨ
PUNJAB GUARDIAN
B.C Greater Vancouver, Fraser Valley, Victoria, Nanaimo Prince George, Kamloops, Kelowna, Oliver, Squamish
ALBERTA Edmonton Calgary
ONTARIO Otttawa, Brampton Toronto
QUEBEC Montreal
USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 31, Issue No. 03, Ending Date:Jan 19, 2023

IDEAL UPFITTERS ...It's arranged.
BC based Truck and Van Up fitting Company
We provide quality Vans & Specialty Vehicles upfitting that provides custom specialty vehicle upfit services to a wide variety of trades and industries.
* ਸ਼ੈਲਫਾਂ * ਲਾਈਟਿੰਗ
* ਵਾਲ ਲਾਈਨਿੰਗ ਕਿੱਟ & ਫਲੋਰ * ਕੰਪਰੈਸਰਜ
* ਸੇਫਟੀ ਪਾਰਟੀਸ਼ਨ * ਪਾਵਰ ਇਨਵਰਟਰ
* ਡਰਾਅਰ ਸਿਸਟਮ * ਸੀਟ ਕਵਰ
* ਲੈਡਰ ਰੈਕਸ * ਅਸੈਸਰੀ
* ਵਰਕ ਬੈਂਚ * ਕਸਟਮ ਕੈਬਨਿਟਸ
WWW.IDEALUPFITTERS.COM
info@idealupfitters.com
PH:604-599-0096
MONDAY TO FRIDAY 9am-5pm SATURDAY By appointments only SUNDAY CLOSED
#7-12468-82Ave Surrey, BC, V3W 3E9

# ਬਿਲਕਿਸ ਬਾਨੋ ਨਾਲ ਸਮੂਹਿਕ ਬਲਾਤਕਾਰ ਦੇ ਦੋਸ਼ੀ ਮੁੜ ਜਾਣਗੇ ਜੇਲ੍ਹ

## ਸੁਪਰੀਮ ਕੋਰਟ ਨੇ ਗੁਜਰਾਤ ਸਰਕਾਰ ਦਾ ਫੈਸਲਾ ਕੀਤਾ ਰੱਦ

ਨਵੀਂ ਦਿੱਲੀ:ਸੁਪਰੀਮ ਕੋਰਟ ਨੇ ਬੀਤੇ ਦਿਨੀਂ ਬਿਲਕਿਸ ਬਾਨੋ ਸਮੂਹਿਕ ਜਬਰ ਜਨਾਹ ਅਤੇ 2002 ਦੇ ਗੁਜਰਾਤ ਦੰਗਿਆਂ ਦੌਰਾਨ ਉਨ੍ਹਾਂ ਦੇ ਪਰਿਵਾਰ ਦੇ 7 ਮੈਂਬਰਾਂ ਦੀ ਹੱਤਿਆ ਦੇ 11 ਦੋਸ਼ੀਆਂ ਦੀ ਸਜ਼ਾ ਮੁਆਫੀ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਵੱਡਾ ਫੈਸਲਾ ਸੁਣਾਇਆ। ਸੁਪਰੀਮ ਕੋਰਟ ਨੇ 11 ਦੋਸ਼ੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਦੇ ਹੁਕਮ ਨੂੰ ਰੱਦ ਕਰ ਦਿੱਤਾ ਹੈ। 11 ਦੋਸ਼ੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਗਈ ਸੀ।

### ਸੁਪਰੀਮ ਕੋਰਟ ਨੇ ਗੁਜਰਾਤ ਸਰਕਾਰ ਦੇ ਫੈਸਲੇ ਨੂੰ ਪਲਟ ਦਿੱਤਾ

ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਅਦਾਲਤ ਨੇ ਸਾਰੇ ਦੋਸ਼ੀਆਂ ਨੂੰ ਦਿੱਤੀ ਗਈ ਮਾਫੀ ਨੂੰ ਰੱਦ ਕਰ ਦਿੱਤਾ। ਗੁਜਰਾਤ ਸਰਕਾਰ ਨੇ ਪਿਛਲੇ ਸਾਲ ਇਸ ਮਾਮਲੇ ਵਿੱਚ 11 ਦੋਸ਼ੀਆਂ ਨੂੰ ਰਿਹਾਅ ਕੀਤਾ ਸੀ। ਅਦਾਲਤ ਦੇ ਫੈਸਲੇ ਤੋਂ ਬਾਅਦ ਹੁਣ ਸਾਰੇ 11 ਦੋਸ਼ੀਆਂ ਨੂੰ ਵਾਪਸ ਜੇਲ੍ਹ ਜਾਣਾ ਪਵੇਗਾ।ਜਸਟਿਸ ਬੀ. ਜਸਟਿਸ ਵੀ. ਨਾਗਰਥਨਾ ਅਤੇ ਜਸਟਿਸ ਉੱਜਵਲ ਭੂਯਨ ਦੀ ਬੈਂਚ ਨੇ 11 ਦਿਨਾਂ ਦੀ ਸੁਣਵਾਈ ਤੋਂ ਬਾਅਦ ਦੋਸ਼ੀਆਂ ਦੀ ਸਜ਼ਾ ਮਾਫ਼ੀ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਪਿਛਲੇ ਸਾਲ 12 ਅਕਤੂਬਰ ਨੂੰ ਆਪਣਾ ਫ਼ੈਸਲਾ ਸੁਰੱਖਿਅਤ ਰੱਖ ਲਿਆ ਸੀ।ਫੈਸਲਾ ਸੁਰੱਖਿਅਤ ਰੱਖਦਿਆਂ ਸੁਪਰੀਮ ਕੋਰਟ ਨੇ ਕੇਂਦਰ ਅਤੇ ਗੁਜਰਾਤ ਸਰਕਾਰਾਂ ਨੂੰ 16 ਅਕਤੂਬਰ ਤੱਕ 11 ਦੋਸ਼ੀਆਂ ਦੀ ਸਜ਼ਾ ਮਾਫ਼ ਕਰਨ ਸਬੰਧੀ ਅਸਲ ਰਿਕਾਰਡ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਸਨ। ਅਦਾਲਤ ਨੇ ਪਿਛਲੇ ਸਾਲ ਸਤੰਬਰ ਵਿੱਚ ਮਾਮਲੇ ਦੀ ਸੁਣਵਾਈ ਕਰਦਿਆਂ ਪੁੱਛਿਆ ਸੀ ਕਿ ਕੀ ਦੋਸ਼ੀਆਂ ਨੂੰ ਮਾਫ਼ੀ ਮੰਗਣ ਦਾ ਮੌਲਿਕ ਅਧਿਕਾਰ ਹੈ।



### ਕੀ ਹੈ ਪੂਰਾ ਮਾਮਲਾ?

ਬਿਲਕਿਸ ਬਾਨੋ ਦੀ ਉਮਰ 21 ਸਾਲ ਅਤੇ ਪੰਜ ਮਹੀਨੇ ਦੀ ਗਰਭਵਤੀ ਸੀ ਜਦੋਂ ਉਸ ਨਾਲ ਫਿਰਕੂ ਦੰਗਿਆਂ ਦੌਰਾਨ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ। ਦੰਗਿਆਂ ਦੌਰਾਨ ਮਾਰੇ ਗਏ ਪਰਿਵਾਰ ਦੇ ਸੱਤ ਮੈਂਬਰਾਂ ਵਿੱਚ ਉਸਦੀ ਤਿੰਨ ਸਾਲ ਦੀ ਧੀ ਵੀ ਸ਼ਾਮਲ ਸੀ।ਪਿਛਲੇ ਸਾਲ 15 ਅਗਸਤ ਨੂੰ ਸਾਰੇ 11 ਦੋਸ਼ੀਆਂ ਦੀ ਸਜ਼ਾ ਮੁਆਫੀ ਅਤੇ ਰਿਹਾਅ ਹੋਣ ਤੋਂ ਤੁਰੰਤ ਬਾਅਦ, ਸਮਾਜਿਕ ਕਾਰਕੁਨਾਂ ਅਤੇ ਸਿਆਸਤਦਾਨਾਂ ਨੇ ਸੁਪਰੀਮ ਕੋਰਟ ਵਿੱਚ ਕਈ ਪਟੀਸ਼ਨਾਂ ਦਾਇਰ ਕੀਤੀਆਂ ਸਨ। ਬਿਲਕਿਸ ਨੇ ਨਵੰਬਰ 'ਚ ਸੁਪਰੀਮ ਕੋਰਟ ਦਾ ਰੁਖ ਕੀਤਾ ਸੀ।

ਦੋਸ਼ੀਆਂ ਨੇ ਅਦਾਲਤ 'ਚ ਕਿਹਾ ਸੀ ਕਿ ਉਹ ਪਹਿਲਾਂ ਹੀ ਕਾਫੀ ਦੁੱਖ ਝੱਲ ਚੁੱਕੇ ਹਨ ਅਤੇ 14 ਸਾਲ ਤੋਂ ਜ਼ਿਆਦਾ ਸਮਾਂ ਜੇਲ੍ਹ 'ਚ ਕੱਟ ਚੁੱਕੇ ਹਨ। ਦੋਸ਼ੀਆਂ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਆਪਣੇ ਪਰਿਵਾਰਕ ਮੈਂਬਰਾਂ ਨਾਲ ਦੁਬਾਰਾ ਮਿਲਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਉਸ ਦੀ ਅਜ਼ਾਦੀ ਨੂੰ ਨਾ ਖੋਹਣ ਦੀ ਅਪੀਲ ਕਰਦਿਆਂ ਉਸ ਨੇ ਕਿਹਾ ਸੀ ਕਿ (ਬਾਕੀ ਸਫਾ ਬੀ-04 ਤੇ)

# ਸੀ.ਬੀ.ਆਈ. ਵੱਲੋਂ ਟਾਈਟਲਰ ਖਿਲਾਫ ਦੋਸ਼ ਆਇਦ ਕਰਨ ਦੀ ਅਪੀਲ



ਨਵੀਂ ਦਿੱਲੀ-ਕੇਂਦਰੀ ਜਾਂਚ ਬਿਊਰੋ ਨੇ ਦਿੱਲੀ ਦੀ ਇਕ ਅਦਾਲਤ ਦੇ ਸਾਹਮਣੇ ਦਾਅਵਾ ਕੀਤਾ ਕਿ ਚਸ਼ਮਦੀਦ ਗਵਾਹਾਂ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੂੰ ਭੀੜ ਨੂੰ ਭੜਕਾਉਂਦੇ ਹੋਏ ਦੇਖਿਆ ਸੀ, ਜਿਸ ਕਾਰਨ ਰਾਸ਼ਟਰੀ ਰਾਜਧਾਨੀ ਦੇ ਪੁਲ ਬੰਗਸ਼ ਇਲਾਕੇ ਵਿਚ 3 ਲੋਕਾਂ ਦਾ ਕਤਲ ਕਰ ਦਿੱਤਾ ਗਿਆ ਸੀ।ਸੀ.ਬੀ.ਆਈ. ਨੇ ਵਿਸ਼ੇਸ਼ ਜੱਜ ਰਾਕੇਸ਼ ਸਿਆਲ ਦੇ ਸਾਹਮਣੇ ਇਹ ਦਾਅਵਾ ਕੀਤਾ ਅਤੇ ਅਦਾਲਤ ਨੂੰ ਇਸ ਮਾਮਲੇ ਵਿਚ ਸਾਬਕਾ ਕੇਂਦਰੀ ਮੰਤਰੀ ਟਾਈਟਲਰ ਖ਼ਿਲਾਫ ਦੋਸ਼ ਆਇਦ ਕਰਨ ਦੀ ਅਪੀਲ ਕੀਤੀ। ਏਜੰਸੀ ਨੇ ਅਦਾਲਤ ਨੂੰ ਕਿਹਾ ਕਿ ਟਾਈਟਲਰ ਵਿਰੁੱਧ ਦੋਸ਼ ਤੈਅ ਕਰਨ ਲਈ ਸਬੂਤ ਕਾਫੀ ਹਨ। ਟਾਈਟਲਰ ਦੇ ਵਕੀਲ ਵਲੋਂ ਦਲੀਲਾਂ ਰੱਖਣ ਲਈ ਸਮਾਂ ਮੰਗੇ ਜਾਣ ਤੋਂ ਬਾਅਦ ਜੱਜ ਨੇ ਮਾਮਲੇ ਦੀ ਅਗਲੀ ਸੁਣਵਾਈ 22 ਜਨਵਰੀ ਲਈ ਤੈਅ ਕੀਤੀ।ਜ਼ਿਕਰਯੋਗ ਹੈ ਕਿ ਉਸ ਵੇਲੇ ਦੀ ਪ੍ਰਧਾਨ (ਬਾਕੀ ਸਫਾ ਬੀ-08 ਤੇ)

The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੌਰਟਗੇਜ ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ
• Purchases with 5% Down Payment
• Refinance & Renewals at Best Rates
• Self-employment - Special Programs
• Second Mortgage & Equity Loans (No Income Verification)
• Private financing - Easy Approvals
• Low Income & Bad Credit Financing
Satnam Saroya Mortgage Specialist
604.760.9172
# 384-8148 128 St, Surrey (Payal Buss. Centre)

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮਨੀ-ਬੈਕ ਟਰਮ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਪਰਵੇਸ਼ ਤੇ ਬਾਹਰ ਕਵਰੇਜ
• ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ
Insurance
ਜਸਵੀਰ ਗਰੇਵਾਲ
778 317 6262
ਆਪਣਾ ਜੀਵਨ ਬੀਮਾ ਕਰਵਾਉਣ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ 'ਤੇ ਕਰਦੇ ਹਾਂ।
Commercial & Residential Interior & Exterior
Ph:604-897-2526

TRANSWORLD TRAVEL
ਗੇੜਾ ਜਿੱਥੇ ਮਰਜੀ ਲਾਉ, ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਉ
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
604-852-2204

TD Sukhvir Singh Dheria
Manager, Mobile Mortgage Specialist
778-982-0888
sukhvir.dheria@td.com
Easy Mortgage Approvals

We Moved To New Location
27441-FRASER HWY. ALDERGROVE, BC
Universal Auto Collision Ltd.
• ICBC Claims » ਆਈ. ਸੀ. ਬੀ. ਕਲੇਮਜ਼
• Private Claims » ਪ੍ਰਾਈਵੇਟ ਕਲੇਮਜ਼
• Free Courtesy Cars » ਫਰੀ ਕਰਟਸੀ ਕਾਰ
• Auto Glass Replacement » ਆਟੋ ਗਲਾਸ ਰਿਪਲੇਸਮੈਂਟ
• Free Estimates » ਫਰੀ ਐਸਟੀਮੇਟ
Ph. 604-596-2800
Fax: 604-596-3800
Satisfaction Guarantee

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਗੁਰੂ ਨਾਨਕ ਜ਼ਿਊਲਰਜ਼ ਲਿ:
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

IATA Accredited Agent
SIDHU TRAVEL LTD.
ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਵਾਜਿਬ ਰੇਟ 'ਤੇ ਟਿਕਟਾਂ ਬੁੱਕ ਕਰਵਾਉਣ ਲਈ ਸੰਪਰਕ ਕਰੋ:
Rani Sidhu (Manager)
Ph: 604-504-3400
Email : sidhutravel13@gmail.com
BESTWAY Foreign Exchange Ltd.
www.bestwayforeignexchange.com
Sony Sidhu (Zira)
Ph: 778-246-2500
604-592-2676
Unit 109, 12830-80 Ave York Centre Surrey

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ।ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜ਼ਾਨਾ
Ph:604-209-2722

ਮੌਰਟਗੇਜ ਦੇ ਮਾਹਿਰ
MORTGAGE ALLIANCE
Avineet Kalsey
Mortgage Consultant
604.763.3000
• ਘਰਾਂ ਦੀ ਮੌਰਟਗੇਜ • ਸੈਕਿੰਡ ਮੌਰਟਗੇਜ
• ਕੌਂਸਟ੍ਰਕਸ਼ਨ • ਕਮਰਸ਼ੀਅਲ
akalsey@mortgagealliance.com
MortgageAlliance.com/AvineetKalsey
CROSSTOWN
#1A - 2497 Clearbrook Rd, Abbotsford, BC V2T 2Y3
#205 - 12033 92A Ave. Surrey, BC V3V 4B8
Corp Office : 310-130 Brew St. Port Moody, BC V3H 0E3

Space Available for your Ad
ਪੰਜਾਬ ਗਾਰਡੀਅਨ ਨਾਲ ਐਡ ਪਾਉ ਅਤੇ ਆਪਣਾ ਬਿਜ਼ਨਸ ਵਧਾਓ

ਪੰਜਾਬ ਗਾਰਡੀਅਨ
Call to Advertise
604-590-5200


FARM AND SPICE
Open 7 Days a Week
8.30 am to 9.00 pm
SPECIAL OFFERS: 12-18 JAN
Daily Specials on
ਧਨੀਆ
Cilantro
69¢ each
HAPPY LOHRI
WISHING YOU ALL VERY HAPPY AND PROSPEROUS LOHRI
ਆਵੋਕਾਡੋ
Avocado
99¢ each
ਹਰੇ ਨਿੰਬੂ
Lime
2 for $1.00
ਜ਼ੁਕੀਨੀ
Zuchinni
$1.49 /lb
ਫੁੱਲ ਗੋਭੀ
Cauliflower
$1.99 each
ਸੰਤਰਾ ਛੋਟਾ/ਵਡਾ
Orange Small/Large
$1.49 /lb
ਸਰੋਂ ਦਾ ਤੇਲ
Gagan
Mustard Oil
250ml
$1.49 each
ਸਰੋਂ ਦਾ ਸਾਗ
Sohna
Saron Da Saag
850g
$3.99 each
ਮੈਂਗੋ ਜੂਸ
ITN
Mango Juice
1.5Ltr
$2.99 each
ਅਨਾਰ
Pomegranate
$2.99 each
ਐਸੋਟਿਡ ਰੱਸ
Aap Ki Pasand
Assorted Rusk
600g
$3.99 each
LOHRI SPECIAL
ਕੈਂਟੀਨ ਗੱਚਕ
Canteen
Peanut Gachak
$3.99 each
ਮੂੰਗਫਲੀ
Peanut
in Shell
$2.49 /lb
ਅਖ਼ਰੋਟ
Walnuts
Bulk
$4.49 /lb
ਸ਼ਹਿਦ
Mothers Love
Honey
900 g
$9.99 each
ਮੇਰੀ ਚਾਹ
Meri Chai
Tea Bags
216Bags
$5.49 each
ਪਾਰਲੀਮੈਂਟ ਚਾਵਲ
Parliament
Basmati Rice
8 lb
$7.99 each
ਆਈ ਟੀ ਐਨ ਚਾਵਲ
ITN Basmati
Super Long Rice
8 lb
$9.99 each
ਕ੍ਰਾਊਨ ਤੇਲ
Crown
Sunflower Oil
3 ltr
$12.99 each
AMA Products at
lowest Price
Disposable 7' Spoons
20pcs
$1.29 each
7' Round Plates
40pcs
$3.99 each
9 oz paper cups
50pcs
$3.99 each
6 Compartment cornstarch trays
40pcs
$9.99 each
#9546-9548 Scott Town Plaza 96 Ave Scott Road Surrey
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last

# ਹਿੰਦੁਸਤਾਨ ਦੇ ਮੌਜੂਦਾ ਹੁਕਮਰਾਨਾਂ ਵੱਲੋਂ ਸਿੱਖਾਂ ਅਤੇ ਮੁਸਲਮਾਨਾਂ ਤੇ ਹਰ ਪਾਸੇ ਵੱਧਦੇ ਹਮਲੇ ਗਹਿਰੀ ਚਿੰਤਾ ਦਾ ਵਿਸ਼ਾ:ਮਾਨ

ਨਵੀਂ ਦਿੱਲੀ: "ਇੰਡੀਆਂ ਦੇ ਮੁਤੱਸਵੀ ਮੁਸਲਿਮ ਅਤੇ ਸਿੱਖ ਕੌਮ ਵਿਰੋਧੀ ਹੁਕਮਰਾਨਾਂ ਵੱਲੋ ਲੰਮੇ ਸਮੇ ਤੋ ਸਾਜਸੀ ਢੰਗਾਂ ਨਾਲ ਕਸ਼ਮੀਰ ਵਿਚ ਅਤੇ ਪੰਜਾਬ ਵਿਚ ਤੇ ਹੋਰ ਸਥਾਨਾਂ ਤੇ ਹਮਲੇ ਕੀਤੇ ਜਾ ਰਹੇ ਹਨ।ਪਰ ਹੁਣ ਇਹ ਲੜਾਈ ਤਾਂ ਸਮੁੰਦਰ ਤੱਕ ਵੀ ਪਹੁੰਚ ਚੁੱਕੀ ਹੈ। ਜੋ ਜ਼ਬਰ ਜੁਲਮ ਅਤੇ ਕਤਲੇਆਮ ਵਿਸੇਸ ਤੌਰ ਤੇ ਕਸਮੀਰ ਵਿਚ ਕੀਤਾ ਹੈ, ਉਸਨੂੰ ਹੁਕਮਰਾਨ ਹੁਣ ਅੱਗੇ ਵਧਾ ਰਿਹਾ ਹੈ। ਜਿਸਦਾ ਨਤੀਜਾ ਮੁਸਲਿਮ ਮੁਲਕ ਜੋ ਸਮੁੰਦਰ ਰਾਹੀ ਰੈੱਡ ਸੀ, ਪਰਸੀਅਨ ਗਲਫ, ਅਰਬੀ ਸਮੁੰਦਰ, ਮਲਾਕਾ ਸਟ੍ਰੇਟਸ ਅਤੇ ਹੋਰਨਾਂ ਸਮੁੰਦਰੀ ਰਸਤੇ ਰਾਹੀ ਵਪਾਰ ਕਰ ਰਹੇ ਹਨ, ਉਸ ਤੱਕ ਇਹ ਲੜਾਈ ਪਹੁੰਚ ਚੁੱਕੀ ਹੈ। ਅਜਿਹਾ ਇਹ ਹਿੰਦੂਤਵ ਹੁਕਮਰਾਨ ਜਾਲਮਨਾਂ ਤਰੀਕੇ ਬਦਲੇ ਦੀ ਭਾਵਨਾ ਅਧੀਨ ਕਰ ਰਹੇ ਹਨ। ਜੋ ਮਨੁੱਖਤਾ ਅਤੇ ਇਨਸਾਨੀਅਤ ਵਿਰੋਧੀ ਦੁੱਖਦਾਇਕ ਕਾਰਵਾਈਆ ਹਨ।"ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਹਿੰਦੂ-ਇੰਡੀਆ ਸਟੇਟ ਵੱਲੋ ਬੀਤੇ ਲੰਮੇ ਸਮੇ ਤੋ ਕਸਮੀਰ ਵਿਚ ਅਤੇ ਹੋਰ ਸਥਾਨਾਂ ਉਤੇ ਮੁਸਲਿਮ ਕੌਮ ਉਤੇ ਕੀਤੇ ਜਾ ਰਹੇ ਜ਼ਬਰ ਅਤੇ ਹੁਣ ਇਸ ਜ਼ਬਰ ਨੂੰ ਸਮੁੰਦਰ ਤੱਕ ਲੈਜਾਣ ਦੀ ਕਾਰਵਾਈ ਦੀ ਸਖ਼ਤ ਸ਼ਬਦਾਂ ਵਿਚ ਕਰੜੀ ਨਿੰਦਾ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਹਿੰਦੂ ਇੰਡੀਆ ਸਟੇਟ ਦੀ ਜੋ ਵਿਦੇਸ਼ੀ ਨੀਤੀ ਹੈ, ਉਹ ਉਸਨੇ ਇਜਰਾਇਲ ਦੀ ਖੂਫੀਆ ਏਜੰਸੀ ਮੂਸਾਦ ਦੇ ਢੰਗ ਅਪਣਾਉਣੇ ਸੁਰੂ ਕਰ ਦਿੱਤੇ ਹਨ। ਜਿਸ ਤਹਿਤ ਕੈਨੇਡਾ, ਪਾਕਿਸਤਾਨ, ਬਰਤਾਨੀਆ, ਪੰਜਾਬ ਤੇ ਹਰਿਆਣੇ ਵਿਚ ਸਿੱਖਾਂ ਨੂੰ ਕਤਲ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇਸ ਸੰਬੰਧ ਵਿਚ ਬਰਤਾਨੀਆ ਦੇ ਗਾਰਡੀਅਨ ਨਿਊਜਪੇਪਰ ਵਿਚ ਪ੍ਰਕਾਸਿਤ ਹੋਇਆ ਲੇਖ ਜਿਸ ਵਿਚ ਅਵਤਾਰ ਸਿੰਘ ਖੰਡੇ ਦੀ ਹੋਈ ਮੌਤ ਦੀ ਨਿਰਪੱਖਤਾ ਨਾਲ ਰਿਪੋਰਟ ਦਿੱਤੀ ਗਈ ਹੈ। ਇਹ ਬੁਰਾਈ ਨਾਜੀ ਜੁਲਮਾਂ ਦੀ ਤਰ੍ਹਾਂ ਵੱਡੀ ਗਿਣਤੀ ਵਿਚ ਵੱਧ ਰਹੀ ਹੈ। ਜੋ ਬੀਜੇਪੀ-ਆਰ.ਐਸ.ਐਸ ਦਾ ਹਿੰਦੂਤਵ ਏਜੰਡਾ ਹੈ।ਇਹ ਦੁੱਖ ਤੇ ਅਫਸੋਸ ਵਾਲੀ ਕਾਰਵਾਈ ਹੈ ਕਿ ਇੰਡੀਆ ਦੀ ਸੁਪਰੀਮ ਕੋਰਟ ਇਥੋ ਦੀਆਂ ਘੱਟ ਗਿਣਤੀ ਕੌਮਾਂ, ਮੁਸਲਿਮ ਤੇ ਸਿੱਖਾਂ ਨੂੰ ਨਿਰਪੱਖਤਾ ਨਾਲ ਇਨਸਾਫ਼ ਦੇਣ ਦੀ ਬਜਾਇ ਹੁਕਮਰਾਨਾਂ ਦੀ ਮਦਦਗਾਰ ਹੋ ਕੇ ਵਿਚਰ ਰਹੀ ਹੈ।



# ਭਾਜਪਾ ਬਾਦਲ ਦਲ ਨਾਲ ਗਠਜੋੜ ਕਰਨ ਦੇ ਹੱਕ ਵਿਚ ਨਹੀਂ

ਜਲੰਧਰ:ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਬਾਦਲ ਤੇ ਕੁੱਝ ਹੋਰ ਪ੍ਰਮੁੱਖ ਆਗੂਆਂ ਵਲੋਂ ਅੰਦਰਖਾਤੇ ਭਾਜਪਾ ਨਾਲ ਮੁੜ ਗਠਜੋੜ ਲਈ ਤਰਲੋਮੱਛੀ ਹੋਣ ਦੇ ਬਾਵਜੂਦ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਹਾਲੇ ਤਕ ਅਕਾਲੀ ਦਲ ਨੂੰ ਕੋਈ ਵੀ ਹੱਥ ਪੱਲਾ ਨਹੀਂ ਫੜਾ ਰਹੀ। ਤਿੰਨ ਮੁੱਖ ਰਾਜਾਂ ਵਿਚ ਵੱਡੀ ਜਿੱਤ ਬਾਅਦ ਤਾਂ ਭਾਜਪਾ ਦਾ ਰੁਖ਼ ਹੋਰ ਵੀ ਸਖ਼ਤ ਹੋ ਗਿਆ ਹੈ ਅਤੇ ਅਕਾਲੀ ਦਲ ਅੱਗੇ ਵੱਡੀਆਂ ਸ਼ਰਤਾਂ ਰੱਖੀਆਂ ਜਾ ਰਹੀਆਂ ਹਨ। ਬੇਸ਼ੱਕ ਅੰਦਰਖਾਤੇ ਹੋ ਰਹੀ ਗੱਲਬਾਤ ਦਾ ਪ੍ਰਗਟਾਵਾ ਬਾਦਲ ਦਲ ਦੇ ਸੀਨੀਅਰ ਆਗੂ ਸੁਰਜੀਤ ਸਿੰਘ ਰੱਖੜਾ ਕਰ ਚੁੱਕੇ ਹਨ ਪਰ ਭਾਜਪਾ ਦਾ ਰੁਖ਼ ਹਾਲੇ ਨਾਂਹ ਪੱਖੀ ਹੀ ਹੈ।

ਪੰਜਾਬ ਭਾਜਪਾ ਦੇ ਚੋਣ ਇੰਚਾਰਜ ਅਤੇ ਕੇਂਦਰੀ ਮੰਤਰੀ ਗਜੇਂਦਰ ਸ਼ੇਖਾਵਤ ਨੇ ਵੀ ਬੀਤੇ ਦਿਨ ਫਿਰ ਕਿਹਾ ਹੈ ਕਿ ਹਾਲੇ ਅਕਾਲੀ ਦਲ ਨਾਲ ਗਠਜੋੜ ਦੀ ਕੋਈ ਸੰਭਾਵਨਾ ਨਹੀਂ ਅਤੇ ਉਹ ਪਾਰਟੀ ਵਲੋਂ 13 ਸੀਟਾਂ ਲੜਨ ਦੀ ਗੱਲ ਵੀ ਕਹਿ ਰਹੇ ਹਨ ਭਾਵੇਂ ਕਿ ਇਹ ਬਾਦਲ ਦਲ ਉਪਰ ਅਪਣੀਆਂ ਸ਼ਰਤਾਂ ਮਨਾਉਣ ਦੀ ਰਣਨੀਤੀ ਹੀ ਹੋਵੇ। ਇਸ ਤਰ੍ਹਾਂ ਭਾਜਪਾ ਨਾਲ ਗਠਜੋੜ ਦੀ ਗੱਲ ਅੱਗੇ ਨਾ ਵਧਣ ਕਾਰਨ ਸੁਖਬੀਰ ਬਾਦਲ ਦਾ ਮਾਫ਼ੀ ਮੰਗ ਕੇ ਪੰਥਕ ਏਕਤਾ ਲਈ ਖੇਡਿਆ ਸਿਆਸੀ ਪੈਂਤੜਾ ਵੀ ਫ਼ਿਲਹਾਲ ਸਫ਼ਲ ਹੁੰਦਾ ਦਿਖਾਈ ਨਹੀਂ ਦੇ ਰਿਹਾ।

ਭਾਵੇਂ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਅਤੇ ਸਾਬਕਾ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਪੰਥਕ ਏਕਤਾ ਲਈ ਹਾਮੀ ਤਾਂ ਭਰ ਰਹੇ ਹਨ ਪਰ ਭਾਜਪਾ ਦੇ ਰੁਖ਼ ਨੂੰ ਦੇਖਦਿਆਂ ਹਾਲੇ ਜੱਕੋ ਤੱਕੀ ਵਿਚ ਹੀ ਹਨ ਕਿ ਬਾਦਲ ਦਲ ਵਿਚ ਵਾਪਸੀ ਕੀਤੀ ਜਾਵੇ ਜਾਂ ਨਾ। ਇਸ ਤਰ੍ਹਾਂ ਪੰਥਕ ਏਕਤਾ ਦੀ ਗੱਲ ਵੀ ਭਾਜਪਾ ਨਾਲ ਗਠਜੋੜ 'ਤੇ ਹੀ ਨਿਰਭਰ ਲਗਦੀ ਹੈ।

ਢੀਂਡਸਾ ਅਤੇ ਬੀਬੀ ਜਗੀਰ ਕੌਰ ਵਰਗੇ ਬਾਦਲ ਦਲ ਤੋਂ ਵੱਖ ਹੋ ਚੁੱਕੇ ਪ੍ਰਮੁੱਖ ਆਗੂ ਵੀ ਇਹ ਭਲੀ ਭਾਂਤ ਸਮਝਦੇ ਹਨ ਕਿ ਇਕੱਲੇ ਬਾਦਲ ਦੀ ਹੁਣ ਪੰਜਾਬ ਵਿਚ ਦਾਲ ਨਹੀਂ ਦਲਣੀ ਤੇ ਸੁਖਬੀਰ ਦੇ ਪੈਂਤੜਿਆਂ ਦੇ ਬਾਵਜੂਦ ਗੱਲ ਨਹੀਂ ਬਣ ਰਹੀ। ਇਸ ਹਾਲਤ ਵਿਚ ਭਾਜਪਾ ਨਾਲ ਗਠਜੋੜ ਕਰ ਕੇ ਹੀ ਅਕਾਲੀ ਦਲ ਅਪਣਾ ਆਧਾਰ ਮੁੜ ਸਥਾਪਤ ਕਰ ਸਕਦਾ ਹੈ। ਪੰਥਕ ਏਕਤਾ ਵਿਚ ਇਕ ਵੱਡਾ ਅੜਿੱਕਾ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੀ ਪ੍ਰਧਾਨਗੀ ਛੱਡਣ ਬਾਰੇ 'ਮੈਂ ਨਾ ਮਾਨੂੰ ਵਾਲੀ ਅੜੀ' ਬਣ ਰਹੀ ਹੈ।

ਢੀਂਡਸਾ ਅਤੇ ਬੀਬੀ ਜਗੀਰ ਕੌਰ ਸਣੇ ਹੋਰ ਸਾਰੇ ਅਕਾਲੀ ਦਲ ਤੋਂ ਵੱਖ ਹੋਏ ਆਗੂ ਪਾਰਟੀ ਦੇ ਮੁੜ ਉਥਾਨ ਲਈ ਸੁਖਬੀਰ ਤੋਂ ਪ੍ਰਧਾਨਗੀ ਤੋਂ ਲਾਂਭੇ ਹੋਣ ਦੀ ਸ਼ਰਤ ਵੀ ਰੱਖ ਰਹੇ ਹਨ। ਭਾਜਪਾ ਨਾਲ ਲੋਕ ਸਭਾ ਵਿਚ ਸੀਟਾਂ ਦਾ ਮਾਮਲਾ ਤਾਂ ਅਕਾਲੀ ਦਲ ਨਾਲ ਨਿਪਟ ਸਕਦਾ ਹੈ ਪਰ ਅੱਗੇ ਵਿਧਾਨ ਸਭਾ ਵਿਚ ਵੀ ਭਾਜਪਾ ਵਲੋਂ ਅੱਧੋ ਅੱਧ ਸੀਟਾਂ ਦੀ ਸ਼ਰਤ ਗਠਜੋੜ ਦੇ ਮੁੜ ਬਣਨ ਦੇ ਰਾਹ ਵਿਚ ਵੱਡੀ ਰੁਕਾਵਟ ਹੈ। ਇਹ ਸ਼ਰਤ ਬਾਦਲ ਦਲ ਦੇ ਬਹੁਤੇ ਆਗੂ ਮੰਨਣ ਲਈ ਤਿਆਰ ਨਹੀਂ। ਭਾਜਪਾ ਵੀ ਚਾਹੁੰਦੀ ਹੈ ਕਿ ਜੇਕਰ ਅਕਾਲੀ ਦਲ ਨਾਲ ਗਠਜੋੜ ਹੋਵੇ ਤਾਂ ਸੁਖਬੀਰ ਦੀ ਥਾਂ ਕੋਈ ਹੋਰ ਪ੍ਰਧਾਨ ਹੋਵੇ।

**ਬਸਪਾ ਬਾਦਲ ਦਲ ਤੋਂ ਔਖੀ**

ਜ਼ਿਕਰਯੋਗ ਹੈ ਕਿ ਜੇਕਰ ਅਕਾਲੀ ਦਲ ਦਾ ਭਾਜਪਾ ਨਾਲ ਗਠਜੋੜ ਹੋ ਜਾਂਦਾ ਹੈ ਤਾਂ ਬਸਪਾ ਨਾਲ ਤੋੜ ਵਿਛੋੜਾ ਤੈਅ ਹੈ। ਅਕਾਲੀ ਦਲ ਦੀ ਭਾਜਪਾ ਨਾਲ ਚਲ ਰਹੀ ਅੰਦਰਖਾਤੇ ਗੱਲਬਾਤ ਤੋਂ ਬਸਪਾ ਪੰਜਾਬ ਦੀ ਲੀਡਰਸ਼ਿਪ ਵੀ ਔਖੀ ਹੈ। ਬਸਪਾ ਆਗੂਆਂ ਦੀ ਸਥਿਤੀ ਉਪਰ ਲਗਾਤਾਰ ਨਜ਼ਰ ਹੈ। ਬਸਪਾ ਜੇ ਅਕਾਲੀ ਦਲ ਤੋਂ ਵੱਖ ਹੋ ਜਾਂਦੀ ਹੈ ਤਾਂ ਐਸ.ਸੀ. ਵਰਗ ਨਾਲ ਸਬੰਧਤ ਵੋਟ ਬੈਂਕ ਦਾ ਅਕਾਲੀ ਦਲ ਨੂੰ ਵੱਡਾ ਨੁਕਸਾਨ ਹੋਵੇਗਾ। ਅਕਾਲੀ ਦਲ ਅੰਦਰ ਵੀ ਇਸ ਮਾਮਲੇ ਨੂੰ ਲੈ ਕੇ ਮਤਭੇਦ ਹਨ। ਕਈ ਪ੍ਰਮੁੱਖ ਆਗੂ ਬਸਪਾ ਨਾਲ ਗਠਜੋੜ ਕਾਇਮ ਰੱਖਣ ਅਤੇ ਭਾਜਪਾ ਤੋਂ ਦੂਰ ਰਹਿਣ ਦੇ ਹੀ ਹੱਕ ਵਿਚ ਹਨ ਪਰ ਬਾਦਲ ਪ੍ਰਵਾਰ ਭਾਜਪਾ ਨਾਲ ਗਠਜੋੜ ਲਈ ਕਾਹਲਾ ਹੈ।


BADH
26 YEARS EXPERIENCE IN ACCOUNTING
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC

Jasbir Singh Badh



Charlesworth
insurance services ltd.
Servicing the following insurance needs:
- Homeowners
- Tenants
- Farms
- Travel
- Life
- Condo
- RV's
- Business
- Contractors
- Disability
- Cargo
- Liability
- Auto
- Private Auto
- Marriage Licence Issuer

autoplan

"For Fast, Friendly and Reliable Service!"

Phone:
604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4



KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com


Best Rates
ਵਿਆਹ ਦੇ ਕਾਰਡ
Letterheads,
Business Cards, Envelops
Invoices, Flyers,
Folding, Stitching,
Numbering, Rubbers Stamps,
Receipt Books, Brochures
All kinds of Signs and Decals
ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ
ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਕਾਂਗਰਸੀ ਹਾਈ ਕਮਾਂਡ ਦੀ ਸਿੱਧੂ ਦੀਆਂ ਗਤੀਵਿਧੀਆਂ ਤੋਂ ਔਖੀ



ਬਠਿੰਡਾ-ਪਿੰਡ ਕੋਟਸ਼ਮੀਰ 'ਚ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੱਲੋਂ 'ਜਿੱਤੇਗਾ ਪੰਜਾਬ-ਜਿੱਤੇਗੀ ਕਾਂਗਰਸ' ਬੈਨਰ ਹੇਠ ਕੀਤੀ ਰੈਲੀ ਵਿਵਾਦਾਂ ਦੀਆਂ ਘੁੰਮਣ-ਘੇਰੀਆਂ ਦਰਮਿਆਨ ਸਿਰੇ ਚੜ੍ਹ ਗਈ ਪਰ ਕਾਂਗਰਸ ਹਾਈ ਕਮਾਨ ਸਿੱਧੂ ਦੀਆਂ ਗਤੀਵਿਧੀਆਂ 'ਤੇ ਨੇੜਿਓਂ ਨਜ਼ਰ ਰੱਖ ਰਹੀ ਹੈ। ਜਾਣਕਾਰੀ ਅਨੁਸਾਰ ਪੰਜਾਬ ਕਾਂਗਰਸ ਵਿੱਚ ਕਸ਼ਮਕਸ਼ ਚੱਲ ਰਹੀ ਹੈ ਅਤੇ ਨਵਜੋਤ ਸਿੰਘ ਸਿੱਧੂ ਨੇ ਪੰਜਾਬ ਵਿਚ ਆਪਣੇ ਪੱਧਰ 'ਤੇ ਰੈਲੀਆਂ ਕਰਨ ਦਾ ਐਲਾਨ ਕੀਤਾ ਹੋਇਆ ਹੈ। ਸੂਤਰ ਦੱਸਦੇ ਹਨ ਕਿ ਹਾਈ ਕਮਾਨ ਕਾਹਲੀ ਵਿੱਚ ਕੋਈ ਫੈਸਲਾ ਨਹੀਂ ਲੈਣਾ ਚਾਹੁੰਦੀ ਅਤੇ ਅਜਿਹੇ ਵਿੱਚ ਹਾਈ ਕਮਾਨ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਗਰਾਊਂਡ ਤਿਆਰ ਕਰਨਾ ਚਾਹੁੰਦੀ ਹੈ ਇਸ ਲਈ ਸਿੱਧੂ ਦੀਆਂ ਰੈਲੀਆਂ ਉਪਰ ਤਿਖੀ ਨਜ਼ਰ ਰਖ ਰਹੀ ਹੈ। ਦੂਜੇ ਪਾਸੇ ਰੈਲੀ ਵਿਚ ਕਾਂਗਰਸ ਦੇ ਕਰੀਬ ਅੱਧੀ ਦਰਜਨ ਸਾਬਕਾ ਵਿਧਾਇਕਾਂ ਸਮੇਤ ਸਿੱਧੂ ਸਮਰਥਕਾਂ ਨੇ ਤਸੱਲੀਬਖ਼ਸ਼ ਹਾਜ਼ਰੀ ਭਰੀ।

ਮੰਚ 'ਤੇ ਲੱਗੇ ਫ਼ਲੈਕਸ 'ਚ ਹੋਰ ਕਾਂਗਰਸੀ ਆਗੂਆਂ ਸਮੇਤ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਤਸਵੀਰ ਸ਼ਾਮਲ ਸੀ। ਇਹ ਗੱਲ ਵੱਖਰੀ ਹੈ ਕਿ ਵੜਿੰਗ ਅਤੇ ਪੰਜਾਬ ਵਿਧਾਨ ਸਭਾ 'ਚ ਕਾਂਗਰਸ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਸਿੱਧੂ ਵੱਲੋਂ ਅਜਿਹੀਆਂ ਰੈਲੀਆਂ ਦੀ ਖੁੱਲ੍ਹ ਕੇ ਮੁਖ਼ਾਲਫ਼ਤ ਕਰ ਚੁੱਕੇ ਹਨ ਪਰ ਦੂਜੇ ਪਾਸੇ ਨਵਜੋਤ ਸਿੰਘ ਸਿੱਧੂ ਦਾ ਹਰ ਵਾਰ ਇਹੋ ਕਹਿਣਾ ਹੁੰਦਾ ਹੈ ਕਿ ਉਹ ਕਾਂਗਰਸ ਦੀ ਮਜ਼ਬੂਤੀ ਲਈ ਹੀ ਕੰਮ ਕਰ ਰਹੇ ਹਨ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਆਹਲਾ ਲੀਡਰਸ਼ਿਪ ਕਿਸੇ ਅਨੁਸਾਸ਼ਨੀ ਕਾਰਵਾਈ ਕਰਨ ਬਾਰੇ ਸੋਚ ਸਕਦੀ ਹੈ। ਚਰਚਾ ਹੈ ਕਿ ਸਿੱਧੂ ਵੱਲੋਂ ਮਹਿਰਾਜ ਤੋਂ ਬਾਅਦ ਕੋਟਸ਼ਮੀਰ ਅਤੇ ਇਸ ਤੋਂ ਮਗਰੋਂ ਇਕ ਤੋਂ ਬਾਅਦ ਇਕ ਹੋਰ ਅਜਿਹੇ ਕੀਤੇ ਜਾ ਰਹੇ ਇਕੱਠਾਂ ਨੂੰ ਸੂਬੇ ਦੇ ਵੱਡੇ ਕਾਂਗਰਸੀ ਆਗੂ ਆਪਣੇ ਲਈ ਸਿਰਦਰਦੀ ਮੰਨ ਰਹੇ ਹਨ। ਇਸ ਸਬੰਧੀ ਉਹ ਪਹਿਲਾਂ ਵੀ ਕੇਂਦਰੀ ਕਾਂਗਰਸੀ ਆਗੂਆਂ ਕੋਲ ਸ਼ਿਕਾਇਤ ਕਰ ਚੁੱਕੇ ਹਨ । ਉਧਰ ਪੰਜਾਬ ਕਾਂਗਰਸ ਦੇ ਨਵੇਂ ਥਾਪੇ ਗਏ ਇੰਚਾਰਜ ਦੇਵੇਂਦਰ ਯਾਦਵ ਵੀ ਪਿਛਲੇ ਦਿਨੀਂ ਸਖ਼ਤ 'ਅਨੁਸਾਸ਼ਨੀ ਕਾਰਵਾਈ' ਕਰਨ ਦਾ ਡਰਾਵਾ ਦੇ ਚੁੱਕੇ ਹਨ। ਸੂਤਰ ਦੱਸਦੇ ਹਨ ਕਿ ਸਿੱਧੂ ਦੀ ਗਾਂਧੀ ਪਰਿਵਾਰ ਨਾਲ ਨੇੜਤਾ ਸੀਨੀਅਰ ਆਗੂਆਂ ਨੂੰ ਉਨ੍ਹਾਂ ਖ਼ਿਲਾਫ਼ ਕਾਰਵਾਈ ਦੇ ਰਾਹ ਵਿੱਚ ਅੜਿੱਕਾ ਬਣ ਰਹੀ ਹੈ।

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਜਦੋਂ ਤੱਕ ਚੰਗੇ ਕਿਰਦਾਰ ਵਾਲੀ ਕੋਈ ਸ਼ਖ਼ਸੀਅਤ ਸੂਬੇ ਦੀ ਅਗਵਾਈ ਨਹੀਂ ਕਰੇਗੀ, ਉਦੋਂ ਤੱਕ ਸੂਬਾ ਪੈਰਾਂ ਸਿਰ ਨਹੀਂ ਹੋ ਸਕਦਾ। ਵਿਵਾਦਾਂ ਦੌਰਾਨ ਹੋਈ ਇਸ ਰੈਲੀ 'ਚ ਸ੍ਰੀ ਸਿੱਧੂ ਨੇ ਸਮੇਂ-ਸਮੇਂ ਦੀਆਂ ਕੇਂਦਰ ਸਰਕਾਰਾਂ 'ਤੇ ਵਰ੍ਹਦਿਆਂ ਕਿਹਾ ਕਿ ਉਨ੍ਹਾਂ ਹੁਣ ਤੱਕ ਪੰਜਾਬ ਨਾਲ ਧਰੋਹ ਕਮਾਇਆ। ਉਨ੍ਹਾਂ ਕਿਹਾ ਕਿ ਜੀਐਸਟੀ ਅਜਿਹਾ ਜਜ਼ੀਆ ਹੈ ਜੋ ਪਹਿਲਾਂ ਲੋਕਾਂ ਤੋਂ ਉਗਰਾਹ ਕੇ ਰਾਜ ਕੇਂਦਰ ਨੂੰ ਦਿੰਦੇ ਹਨ ਅਤੇ ਫਿਰ ਆਪਣਾ ਹਿੱਸਾ ਲੈਣ ਲਈ ਤਰਲੇ ਕੱਢਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵੀ ਉਨ੍ਹਾਂ ਰਾਜਾਂ 'ਚੋਂ ਇੱਕ ਹੈ। ਉਨ੍ਹਾਂ ਸਵਾਲ ਚੁੱਕਿਆ ਕਿ ਭਾਖੜਾ ਡੈਮ 'ਚ ਪਾਣੀ ਪੰਜਾਬ ਦਾ ਹੈ ਪਰ ਇਸ ਦਾ ਕੰਟਰੋਲ ਕੇਂਦਰ ਕੋਲ ਕਿਉਂ? ਉਨ੍ਹਾਂ ਸ਼੍ਰੋਮਣੀ ਅਕਾਲੀ ਦਲ 'ਤੇ ਵਰ੍ਹਦਿਆਂ ਕਿਹਾ ਕਿ 40 ਸਾਲ ਪੰਥ ਦੇ ਨਾਂਅ 'ਤੇ ਰਾਜ ਕਰਨ ਵਾਲਿਆਂ ਦੇ ਰਾਜ ਵਿੱਚ ਵੋਟਾਂ ਖ਼ਾਤਰ ਗੁਰੂ ਸਾਹਿਬ ਦੇ ਅੰਗ ਖਿਲਾਰੇ ਗਏ। ਸਿੱਧੂ ਨੇ ਪੰਜਾਬ ਸਰਕਾਰ ਵੱਲੋਂ ਖ਼ਰੀਦੇ ਗਏ ਗੋਇੰਦਵਾਲ ਥਰਮਲ ਪਲਾਟ ਨੂੰ 'ਚਿੱਟਾ ਹਾਥੀ' ਦੱਸਦਿਆਂ ਕਿਹਾ ਕਿ ਇਸ 'ਤੇ ਪਹਿਲਾਂ ਹੀ 7-8 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ।

ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ 'ਤੇ ਵਰ੍ਹਦਿਆਂ ਪੰਜਾਬ ਦੇ ਆਬਕਾਰੀ ਖੇਤਰ 'ਚ ਘਪਲਾ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਨਵਾਂ ਸਾਲ ਚੜ੍ਹੇ ਨੂੰ ਅਜੇ ਹਫ਼ਤਾ ਨਹੀਂ ਬੀਤਿਆ ਕਿ ਪੰਜਾਬ ਸਰਕਾਰ ਨੇ ਢਾਈ ਹਜ਼ਾਰ ਕਰੋੜ ਦਾ ਕਰਜ਼ਾ ਹੋਰ ਚੁੱਕ ਲਿਆ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਕਾਂਗਰਸ ਨਹੀਂ ਬਦਲੇਗੀ ਉਦੋਂ ਤੱਕ ਵੋਟਰ ਚੰਗੇ ਕਿਰਦਾਰਾਂ ਨੂੰ ਅੱਗੇ ਨਹੀਂ ਲਿਆਉਣਗੇ ਉਦੋਂ ਤੱਕ ਪੰਜਾਬ ਦਾ ਸਵੈ-ਨਿਰਭਰ ਹੋਣਾ ਮੁਸ਼ਕਿਲ ਹੈ। ਉਨ੍ਹਾਂ ਆਖਿਆ ਕਿ ਲੋਕਾਂ ਨੂੰ ਪੰਜਾਬ ਦੀ ਅਗਵਾਈ ਲਈ ਅਜਿਹਾ ਇਮਾਨਦਾਰ ਆਦਮੀ ਚੁਣਨਾ ਪਵੇਗਾ ਜਿਸ ਦੀ ਜ਼ੁਬਾਨ ਹੋਵੇ ਅਤੇ ਵਚਨਾਂ 'ਤੇ ਖੜ੍ਹੇ। ਉਨ੍ਹਾਂ ਬ਼ਗੈਰ ਕਿਸੇ ਦਾ ਨਾਂ ਲਿਆਂ ਕਿਹਾ ਕਿ 'ਇਹ ਤਾਂ ਸਾਰੇ ਈਡੀ. ਤੋਂ ਹੀ ਡਰ ਜਾਂਦੇ ਐ।'

ਨਵਜੋਤ ਸਿੰਘ ਸਿੱਧੂ ਬੀਤੇ ਦਿਨੀਂ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨਾਲ ਵੀ ਮੁਲਾਕਾਤ ਕੀਤੀ। ਮੁਲਾਕਾਤ ਦੌਰਾਨ ਨਵਜੋਤ ਸਿੰਘ ਸਿੱਧੂ ਨੇ ਜਥੇਦਾਰ ਨਾਲ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਸਮੇਂ ਦੀਆਂ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕੀਤਾ।

## (ਮੁੱਖ ਪੰਨੇ ਦੀ ਬਾਕੀ)

ਅਦਾਲਤ ਨੂੰ ਸੁਧਾਰਾਤਮਕ ਪਹੁੰਚ ਅਪਣਾਉਣੀ ਚਾਹੀਦੀ ਹੈ ਅਤੇ ਉਸ ਨੂੰ ਆਪਣੇ ਆਪ ਨੂੰ ਸੁਧਾਰਨ ਦਾ ਮੌਕਾ ਦੇਣਾ ਚਾਹੀਦਾ ਹੈ।

### ਸੁਪਰੀਮ ਕੋਰਟ ਦੀ ਗੁਜਰਾਤ ਸਰਕਾਰ ਬਾਰੇ ਟਿੱਪਣੀ

ਸੁਪਰੀਮ ਕੋਰਟ ਨੇ ਇਸ ਤੋਂ ਪਹਿਲਾਂ ਦੀ ਸੁਣਵਾਈ ਦੌਰਾਨ ਗੁਜਰਾਤ ਸਰਕਾਰ ਨੂੰ ਕਿਹਾ ਸੀ ਕਿ ਰਾਜ ਸਰਕਾਰਾਂ ਨੂੰ ਦੋਸ਼ੀਆਂ ਨੂੰ ਮਾਫੀ ਦੇਣ ਲਈ "ਚੋਣਵੀਂ ਪਹੁੰਚ" ਨਹੀਂ ਅਪਣਾਉਣੀ ਚਾਹੀਦੀ ਅਤੇ ਹਰ ਕੈਦੀ ਨੂੰ ਸਮਾਜ ਨਾਲ ਸੁਧਾਰ ਕਰਨ ਅਤੇ ਮੁੜ ਜੁੜਨ ਦਾ ਮੌਕਾ ਦੇਣਾ ਚਾਹੀਦਾ ਹੈ। ਇਸ ਮਾਮਲੇ ਵਿੱਚ, ਬਿਲਕਿਸ ਦੀ ਪਟੀਸ਼ਨ ਦੇ ਨਾਲ, ਭਾਰਤੀ ਕਮਿਊਨਿਸਟ ਪਾਰਟੀ-ਮਾਰਕਸਵਾਦੀ (ਸੀਪੀਆਈ-ਐਮ) ਦੀ ਨੇਤਾ ਸੁਭਾਸ਼ਿਨੀ ਅਲੀ, ਸੁਤੰਤਰ ਪੱਤਰਕਾਰ ਰੇਵਤੀ ਲਾਲ ਅਤੇ ਲਖਨਊ ਯੂਨੀਵਰਸਿਟੀ ਦੀ ਸਾਬਕਾ ਉਪ ਕੁਲਪਤੀ ਰੂਪਰੇਖਾ ਵਰਮਾ ਅਤੇ ਹੋਰਾਂ ਨੇ ਸਜ਼ਾ ਵਿੱਚ ਢਿੱਲ ਨੂੰ ਚੁਣੌਤੀ ਦੇਣ ਵਾਲੀਆਂ ਜਨਹਿੱਤ ਪਟੀਸ਼ਨਾਂ ਦਾਇਰ ਕੀਤੀਆਂ ਹਨ। ਤ੍ਰਿਣਮੂਲ ਕਾਂਗਰਸ ਨੇਤਾ ਮਹੂਆ ਮੋਇਤਰਾ ਨੇ ਵੀ ਸਜ਼ਾ ਮਾਫੀ ਅਤੇ ਦੋਸ਼ੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਦੇ ਖਿਲਾਫ ਜਨਹਿੱਤ ਪਟੀਸ਼ਨ ਦਾਇਰ ਕੀਤੀ ਸੀ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



CANRISE IMMIGRATION
www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141

#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਭਾਰਤੀ ਵਿਦਿਆਰਥੀਆਂ ਨੂੰ ਝਟਕਾ! 40% ਵੀਜ਼ਾ ਅਰਜ਼ੀਆਂ ਰੱਦ

ਭਾਰਤੀ ਵਿਦਿਆਰਥੀ ਸੁਨਹਿਰੇ ਭਵਿੱਖ ਦੀ ਆਸ ਵਿਚ ਪੜ੍ਹਾਈ ਲਈ ਕੈਨੇਡਾ ਜਾਣ ਚਾਹੁੰਦੇ ਹਨ। ਹਾਲ ਹੀ ਵਿਚ ਟੋਰਾਂਟੋ ਸਟਾਰ ਦੁਆਰਾ ਕੀਤੇ ਗਏ ਇਕ ਤਾਜ਼ਾ ਵਿਸ਼ਲੇਸ਼ਣ ਵਿਚ ਇਹ ਸਾਹਮਣੇ ਆਇਆ ਹੈ ਕਿ ਕੈਨੇਡੀਅਨ ਵਿਦਿਅਕ ਸੰਸਥਾਵਾਂ ਦੁਆਰਾ ਸਵੀਕਾਰ ਕੀਤੇ ਗਏ ਲਗਭਗ ਅੱਧੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਵੀਜ਼ਾ ਅਧਿਕਾਰੀਆਂ ਦੁਆਰਾ ਰੱਦ ਕੀਤੇ ਜਾਣ ਦਾ ਸਾਹਮਣਾ ਕਰਨਾ ਪੈਂਦਾ ਹੈ।

ਭਾਰਤ ਤੋਂ ਲਗਭਗ 40 ਫ਼ੀਸਦੀ ਵਿਦਿਆਰਥੀ ਵੀਜ਼ਾ ਅਰਜ਼ੀਆਂ ਨੂੰ ਹੋਰ ਜਾਂ ਅਣ-ਨਿਰਧਾਰਤ ਦੇ ਰੂਪ ਵਿਚ ਸ਼੍ਰੇਣੀਬੱਧ ਕੀਤੇ ਗਏ ਕਾਰਨਾਂ ਕਰ ਕੇ ਨਾ-ਮਨਜ਼ੂਰ ਕੀਤਾ ਗਿਆ, ਜੋ ਸਾਰੇ ਦੇਸ਼ਾਂ ਵਿਚ ਸੱਭ ਤੋਂ ਵੱਧ ਇਨਕਾਰ ਦਰ ਦਰਸਾਉਂਦਾ ਹੈ। ਇਹ ਡਾਟਾ ਕੈਨੇਡਾ ਸਥਿਤ ਇਕ ਗ਼ੈਰ-ਲਾਭਕਾਰੀ ਮੀਡੀਆ ਸੰਸਥਾ, ਇਨਵੈਸਟੀਗੇਟਿਵ ਜਰਨਲਿਜ਼ਮ ਫ਼ਾਊਂਡੇਸ਼ਨ ਤੋਂ ਆਇਆ ਹੈ।

ਕੈਨੇਡੀਅਨ ਪ੍ਰਵਾਸੀਆਂ ਦੀ ਸੇਵਾ ਕਰਨ ਵਾਲੇ ਇਕ ਗ਼ੈਰ-ਪੱਖਪਾਤੀ ਆਊਟਲੈਟ, ਨਿਊ ਕੈਨੇਡੀਅਨ ਮੀਡੀਆ ਦੀ ਰਿਪੋਰਟ ਅਨੁਸਾਰ ਦਸੰਬਰ ਤਕ ਲਗਭਗ 320,000 ਸਰਗਰਮ ਅਧਿਐਨ ਪਰਮਿਟਾਂ ਦੇ ਹਿਸਾਬ ਨਾਲ, ਭਾਰਤ ਕੈਨੇਡਾ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਇਕ ਪ੍ਰਮੁੱਖ ਯੋਗਦਾਨ ਕਰਤਾ ਹੈ।

ਕੈਨੇਡਾ ਵਿਚ ਅੰਤਰਰਾਸ਼ਟਰੀ ਵਿਦਿਆਰਥੀ ਅਕਸਰ ਸਥਾਨਕ ਵਿਦਿਆਰਥੀਆਂ ਨਾਲੋਂ ਪੰਜ ਗੁਣਾ ਵੱਧ ਫ਼ੀਸਾਂ ਅਦਾ ਕਰਦੇ ਹਨ ਅਤੇ ਇਸ ਲਈ ਪ੍ਰਾਈਵੇਟ ਅਤੇ ਪਬਲਿਕ ਕਾਲਜਾਂ ਦੋਵਾਂ ਲਈ ਇਕ ਵਧੀਆ ਆਮਦਨ ਸਰੋਤ ਹਨ। ਉਧਰ ਵਿਦਿਆਰਥੀ ਉਚੀਆਂ ਫੀਸਾਂ ਦਾ ਭੁਗਤਾਨ ਕਰਨਾ ਜਾਰੀ ਰਖਦੇ ਹਨ ਕਿਉਂਕਿ ਵਿਦੇਸ਼ੀ ਸਿਖਿਆ ਏਜੰਟ ਉਨ੍ਹਾਂ ਨੂੰ ਵਿਸ਼ਵਾਸ ਦਿਵਾਉਂਦੇ ਹਨ ਕਿ ਕੈਨੇਡਾ ਵਿਚ ਪੜ੍ਹਨਾ ਦੇਸ਼ ਦੀ ਸਥਾਈ ਨਿਵਾਸ ਪ੍ਰਾਪਤ ਕਰਨ ਦਾ ਇਕ ਰਸਤਾ ਹੈ।



## ਭਾਈ ਖੈੜਾ ਨੂੰ 15 ਦਿਨਾਂ ਦੀ ਮਿਲੀ ਪੈਰੋਲ

ਰਈਆ-ਭਾਈ ਗੁਰਦੀਪ ਸਿੰਘ ਖੈੜਾ ਜੋ ਬਿਦਰ ਕਾਂਡ (ਕਰਨਾਟਕ) ਅਤੇ ਦਿੱਲੀ ਦੇ ਬੰਬ ਧਮਾਕਿਆਂ ਵਿਚ ਜੇਲ੍ਹ ਵਿਚ ਹਨ, ਨੂੰ 15 ਦਿਨਾਂ ਦੀ ਪੈਰੋਲ ਮਿਲੀ ਹੈ ਤੇ ਉਹ ਆਪਣੇ ਘਰ ਪਿੰਡ ਜੱਲੂਪੁਰ ਖੈੜਾ ਵਿਖੇ ਪਹੁੰਚ ਚੁਕੇ ਹਨ।ਭਾਈ ਖੈੜਾ ਦੇ ਦੱਸਣ ਅਨੁਸਾਰ ਇਹ ਪੈਰੋਲ ਜਿਹੜੀ 2 ਹਫਤੇ ਦੀ ਅੰਮ੍ਰਿਤਸਰ ਕੇਂਦਰੀ ਜੇਲ੍ਹ ਤੋਂ ਮਿਲੀ ਹੈ ਇਹ ਪੈਰੋਲ ਉਨ੍ਹਾਂ ਨੂੰ 2023 ਵਿਚ ਮਿਲਣੀ ਸੀ ਪਰ ਉਦੋਂ ਹੋਈਆਂ ਹੜਤਾਲਾਂ ਕਰਕੇ ਰਹਿ ਗਈ ਸੀ ਤੇ ਹੁਣ ਉਹ ਉਸ ਰਹਿੰਦੀ ਪੈਰੋਲ ‘ਤੇ ਆਏ ਹਨ।ਉਨ੍ਹਾਂ ਕਿਹਾ ਉਨ੍ਹਾਂ ਨੂੰ ਬਿਦਰ ਕਾਂਡ ਅਤੇ ਦਿੱਲੀ ਕਾਂਡ ਵਿਚ ਦੋਵਾਂ ਵਿਚ ਬਰਾਬਰ ਉਮਰ ਕੈਦ ਹੋਈ ਤੇ ਅਦਾਲਤ ਵਲੋਂ ਹੁਕਮ ਸੀ ਕਿ ਦੋਵੇਂ ਸਜ਼ਾਵਾਂ ਇਕੱਠੀਆਂ ਚੱਲਣਗੀਆਂ ਪਰ ਦਿੱਲੀ ਕਾਂਡ ਵਿਚ ਉਨ੍ਹਾਂ ਦੀ ਸਜ਼ਾ ਖਤਮ ਹੋ ਗਈ ਹੈ ਤੇ ਬਿਦਰ ਕਾਂਡ ਦੇ ਸੰਬੰਧੀ ਉਨ੍ਹਾਂ ਨੂੰ ਜੇਲ੍ਹ ਰੱਖਿਆ ਜਾ ਰਿਹਾ ਹੈ । ਉਨ੍ਹਾਂ ਨੂੰ ਨਾਜਾਇਜ਼ ਹੀ ਜੇਲ੍ਹ ਵਿਚ ਰੱਖਿਆ ਜਾ ਰਿਹਾ ਹੈ । ਭਾਈ ਖੈੜਾ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਦੀ ਸਜ਼ਾ ਪੂਰੀ ਹੋ ਚੁੱਕੀ ਹੈ ਇਸ ਕਰਕੇ ਉਨ੍ਹਾਂ ਨੂੰ ਰਿਹਾਅ ਕਰਨਾ ਚਾਹੀਦਾ ਹੈ।

## ਇਕੁਆਡੋਰ ’ਚ ਟੀਵੀ ਦੇ ਸਿੱਧੇ ਪ੍ਰਸਾਰਨ ਮੌਕੇ ਸਟੂਡੀਓ ’ਚ ਹਥਿਆਰਾਂ ਸਣੇ ਬਦਮਾਸ਼ ਦਾਖਲ ਹੋਏ

ਇਕੁਆਡੋਰ ਵਿਚ ਪ੍ਰੋਗਰਾਮ ਦੇ ਸਿੱਧੇ ਪ੍ਰਸਾਰਨ ਦੌਰਾਨ ਨਕਾਬਪੋਸ਼ ਬਦਮਾਸ਼ ਬੰਦੂਕਾਂ ਅਤੇ ਧਮਾਕਾਖੇਜ਼ ਸਮੱਗਰੀ ਨਾਲ ਨਿਊਜ਼ ਚੈਨਲ ਦੇ ਸੈੱਟ ਵਿਚ ਦਾਖਲ ਹੋਏ ਅਤੇ ਉਥੇ ਮੌਜੂਦ ਸਟਾਫ ਨੂੰ ਵੀ ਧਮਕਾਇਆ। ਸਾਰੇ ਬੰਦੂਕਧਾਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਨਕਾਬਪੋਸ਼ ਬਦਮਾਸ਼ਾਂ ਦੀਆਂ ਬੰਦੂਕਾਂ ਅਤੇ ਧਮਾਕਾਖੇਜ਼ ਸਮੱਗਰੀ ਜ਼ਬਤ ਕਰ ਲਈ ਗਈ ਹੈ। ਪੁਲੀਸ ਨੇ ਇਹ ਨਹੀਂ ਦੱਸਿਆ ਕਿ ਕਿੰਨੇ ਬਦਮਾਸ਼ਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲੀਸ ਨੇ ਕਿਹਾ ਕਿ ਇਸ ਨੂੰ ਅਤਿਵਾਦੀ ਘਟਨਾ ਹੀ ਸਮਝਣਾ ਚਾਹੀਦਾ ਹੈ। ਇਸ ਦੌਰਾਨ ਰਾਸ਼ਟਰਪਤੀ ਵੱਲੋਂ ਹੁਕਮ ਜਾਰੀ ਕੀਤਾ ਗਿਆ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਦੱਖਣੀ ਅਮਰੀਕੀ ਦੇਸ਼ ਵਿੱਚ ‘ਅੰਦਰੂਨੀ ਹਥਿਆਰਬੰਦ ਸੰਘਰਸ਼’ ਚੱਲ ਰਿਹਾ ਹੈ।


ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ








ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey



ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ
11267-125A St, Surrey, BC

ਇਸ ਹਫਤੇ ਦੇ ਪ੍ਰੋਗਰਾਮ

*8 ਜਨਵਰੀ ਦਿਨ ਸੋਮਵਾਰ ਆਰੰਭ ਸ੍ਰੀ ਅਖੰਡਪਾਠ ਸਾਹਿਬ ਸਵੇਰੇ 10 ਵਜੇ ਗੁਰਵਿੰਦਰ ਸਿੰਘ ਪਰਿਵਾਰ ਵੱਲੋਂ
*10 ਜਨਵਰੀ ਭੋਗ ਸ੍ਰੀ ਅਖੰਡਪਾਠ ਸਾਹਿਬ ਸਵੇਰੇ 9 ਵਜੇ ਭਾਈ ਗੁਰਵਿੰਦਰ ਸਿੰਘ ਪਰਿਵਾਰ ਵੱਲੋਂ
*10 ਜਨਵਰੀ ਅਖੰਡ ਪਾਠ ਸਾਹਿਬ ਆਰੰਭ ਸਮੂਹ ਸੰਗਤਾਂ ਵੱਲੋਂ, ਭੋਗ 12 ਜਨਵਰੀ ਨੂੰ ਪਾਏ ਜਾਣਗੇ।
*12 ਜਨਵਰੀ ਨੂੰ ਸੁਖਦੇਵ ਸਿੰਘ ਅਤੇ ਬੀਬੀ ਰਾਜਵਿੰਦਰ ਕੌਰ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ ਭੋਗ 14 ਜਨਵਰੀ ਦਿਨ ਸ਼ਨਿਚਵਾਰ ਨੂੰ ਪਾਏ ਜਾਣਗੇ।
*13 ਜਨਵਰੀ ਸ਼ਨਿਚਰਵਾਰ ਸਮੂਹ ਸੰਗਤਾਂ ਵੱਲੋਂ 40 ਮੁਕਤਿਆਂ ਦੀ ਪਵਿੱਤਰ ਯਾਦ ਵਿਚ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ ਭੋਗ 15 ਜਨਵਰੀ ਦਿਨ ਸੋਮਵਾਰ ਸਵੇਰੇ 9 ਵਜੇ ਪਾਏ ਜਾਣਗੇ।
*15 ਜਨਵਰੀ ਦਿਨ ਸੋਮਵਾਰ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਦਿਹਾੜੇ ਤੇ ਅਖੰਡਪਾਠ ਸਾਹਿਬ ਆਰੰਭ ਹੋਣਗੇ ਜਿਸਦੀ ਸੇਵਾ ਦੀਪ ਟਾਇਰ ਕੰਪਨੀ ਦੇ ਪਰਿਵਾਰ ਅਤੇ ਸੰਗਤਾਂ ਵੱਲੋਂ ਹੋਵੇਗੀ।
15 ਜਨਵਰੀ ਦਿਨ ਸੋਮਵਾਰ ਬੇਬੇ ਨਾਨਕੀ ਨਿਸ਼ਕਾਮ ਜਥੇ ਵੱਲੋਂ ਸਵੇਰੇ 9 ਵਜੇ ਤੋਂ 11 ਵਜੇ ਤੱਕ ਕੀਰਤਨ ਦੀ ਸੇਵਾ ਹੋਵੇਗੀ।
*16 ਜਨਵਰੀ ਦਿਨ ਮੰਗਲਵਾਰ ਬਲਜਿੰਦਰ ਕੰਗ ਤੇ ਬੀਬੀ ਨਾਲੂ ਕੌਰ ਪਰਿਵਾਰ ਵੱਲੋਂ ਅਖੰਡ ਪਾਠ ਸਾਹਿਬ ਆਰੰਭ ਹੋਣਗੇ।
*17 ਜਨਵਰੀ ਦਿਨ ਬੁੱਧਵਾਰ ਅਖੰਡ ਪਾਠ ਸਾਹਿਬ ਭੋਗ ਪਾਏ ਜਾਣਗੇ।ਉਪਰੰਤ ਦੀਵਾਨ ਸਜਣਗੇ।

ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਦਿਹਾੜੇ ਤੇ ਸਮੂਹ ਸੰਗਤਾਂ ਨੂੰ ਬਹੁਤ ਬਹੁਤ ਵਧਾਈ

ਨੋਟ:1 ਦਸੰਬਰ ਤੋਂ 4 ਫਰਵਰੀ ਤੱਕ ਰੋਜਾਨਾ ਸਿਮਰਨ ਬਾਬਾ ਜਗਜੀਤ ਸਿੰਘ ਖਾਰੇ ਵਾਲੇ ਅਤੇ ਭਾਈ ਕੁਲਦੀਪ ਸਿੰਘ ਰਸੀਲਾ ਸਮੂਹ ਸੰਗਤੀ ਰੂਪ ਵਿਚ ਸ਼ਾਮ 5.30 ਤੋਂ 6.30 ਵਜੇ ਤੱਕ ਕਰਿਆ ਕਰਨਗੇ, ਉਪਰੰਤ ਗੁਰਬਾਣੀ ਕਥਾ ਭਾਈ ਜਸਵੀਰ ਸਿੰਘ ਜੀ ਖੜਗ ਸ਼ਾਮ 6.30 ਤੋ 7.15 ਵਜੇ ਤੱਕ ਰੋਜਾਨਾ ਕਰਨਗੇ।27 ਦਸੰਬਰ ਤੋਂ 4 ਫਰਵਰੀ ਤੱਕ ਸੰਤ ਬਾਬਾ ਅਤਰ ਸਿੰਘ ਮਸਤੂਆਣੇ ਵਾਲਿਆਂ ਦੀ ਸਾਲਾਨਾ ਬਰਸੀ ਤੇ ਜਾਪ ਹੋਣਗੇ।27 ਦਸੰਬਰ ਤੋਂ 4 ਫਰਵਰੀ ਤੱਕ ਨਿਰੰਤਰ ਅਖੰਡ ਪਾਠ ਸਾਹਿਬ ਚੱਲਣਗੇ।ਸੰਗਤਾਂ ਪਹੁੰਚ ਕੇ ਲਾਹੇ ਪ੍ਰਾਪਤ ਕਰਨੇ ਜੀ।

ਰਾਗੀ ਜੱਥੇ
ਭਾਈ ਕੁਲਦੀਪ ਸਿੰਘ ਰਸੀਲਾ

ਕਥਾਵਾਚਕ
ਭਾਈ ਜਸਵੀਰ ਸਿੰਘ ਖੜਗ

ਤਬਲਾ ਸਿੱਖਣ ਲਈ ਸੰਪਰਕ ਕਰੋ:
604-413-7171

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007



ਰੋਜਾਨਾ ਦੇ ਪ੍ਰੋਗਰਾਮ

ਸਵੇਰੇ
5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

ਸ਼ਾਮ
6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਤਸੀਹੇ ਦੇ ਕੇ ਕਤਲ ਕੀਤਾ ਗਿਆ:ਗੁਰਦੁਆਰਾ ਪ੍ਰਬੰਧਕ ਕਮੇਟੀ ਫਰੀਮਾਂਟ


GURDWARA SAHIB FREMONT
SIKH TEMPLE - SAN FRANCISCO BAY AREA

No. 1756

Jan 4th 2024

The Fremont Gurdwara, CA, vehemently condemns the reprehensible actions of the Indian Government as revealed in the recently declassified 31-year-old report on the "disappearance" of Jathedar Bhai Gurdev Singh Kaunke. The report reaffirms the Punjab Police's attempt to cover up the 1992 murder of the esteemed Sikh leader, who served as the Jathedar of the Akal Takht, the supreme Sikh authority, from 1986 until his tragic "disappearance."

Bhai Gurdev Singh was a target of the mass State efforts to suppress Sikh activism and resistance, evident in countless "fake encounter" murders targeting Sikhs in the 80s-90s. The Gurdwara stands in solidarity with Sikh groups, affirming that he was tortured and murdered, further underscoring the brutal tactics employed by Indian authorities.

It is disheartening to learn about the complicity of senior Punjab Police officers, including notorious figures like KP Gill, Tarsem Gill, and Sumedh Saini, in the cover-up. The Gurdwara condemns the fabrication of cases against Bhai Gurdev Singh and the revelation of an open secret within police ranks regarding these "fake encounter" murders.

We applaud the efforts of the Punjab Human Rights Org (PHRO) in releasing this report, shedding light on the truth. The Gurdwara fully supports PHRO's legal advocacy to seek justice against those responsible for the torture and the seniors who consented to the killing. We stand united in seeking accountability and action against the perpetrators.

In support of the ongoing legal endeavors, the Fremont Gurdwara extends its deepest sympathies to the families affected by such heinous crimes. We call for justice for Jathedar Bhai Gurdev Singh Kaunke and all those were target in that chapter of Sikh history.

Supreme Council Members

Harpreet Singh
Jaspreet Singh
Jaswant Singh
Rajinder Singh
Surinderjit Kaur

ਫਰੀਮਾਂਟ : ਗੁਰਦੁਆਰਾ ਪ੍ਰਬੰਧਕ ਕਮੇਟੀ ਫਰੀਮਾਂਟ ਦੇ ਸੁਪਰੀਮ ਕੌਂਸਲ ਦੇ ਮੈਂਬਰ, ਹਰਪ੍ਰੀਤ ਸਿੰਘ, ਜਸਪ੍ਰੀਤ ਸਿੰਘ, ਜਸਵੰਤ ਸਿੰਘ, ਰਜਿੰਦਰ ਸਿੰਘ, ਅਤੇ ਸੁਰਿੰਦਰਜੀਤ ਕੌਰ ,ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਦੇ "ਗਾਇਬ ਹੋਣ" ਬਾਰੇ ਹਾਲ ਹੀ ਵਿੱਚ 31 ਸਾਲ ਪੁਰਾਣੀ ਰਿਪੋਰਟ ਵਿੱਚ ਪ੍ਰਗਟ ਕੀਤੇ ਗਏ ਭਾਰਤ ਸਰਕਾਰ ਦੀਆਂ ਨਿੰਦਣਯੋਗ ਕਾਰਵਾਈਆਂ ਦੀ ਸਖ਼ਤ ਨਿਖੇਧੀ ਕਰਦੇ ਹਨ। ਰਿਪੋਰਟ 1986 ਤੋਂ ਉਸ ਦੇ ਦੁਖਦਾਈ "ਲਾਪਤਾ" ਹੋਣ ਤੱਕ ਸਰਵਉੱਚ ਸਿੱਖ ਅਥਾਰਟੀ, ਅਕਾਲ ਤਖ਼ਤ ਦੇ ਜਥੇਦਾਰ ਵਜੋਂ ਸੇਵਾ ਨਿਭਾਉਣ ਵਾਲੇ ਸਤਿਕਾਰਤ ਸਿੱਖ ਆਗੂ ਦੇ 1992 ਦੇ ਕਤਲ ਨੂੰ ਲੁਕਾਉਣ ਲਈ ਪੰਜਾਬ ਪੁਲਿਸ ਦੀ ਕੋਸ਼ਿਸ਼ ਦੀ ਪੁਸ਼ਟੀ ਕਰਦੀ ਹੈ।

ਸੁਪਰੀਮ ਕੌਂਸਲ ਦੇ ਮੈਂਬਰਾਂ ਨੇ ਅੱਗੇ ਕਿਹਾ ਕਿ, ਭਾਈ ਗੁਰਦੇਵ ਸਿੰਘ ਸਿੱਖ ਸਰਗਰਮੀ ਅਤੇ ਵਿਰੋਧ ਨੂੰ ਦਬਾਉਣ ਲਈ ਜਨਤਕ ਰਾਜ ਦੇ ਯਤਨਾਂ ਦਾ ਨਿਸ਼ਾਨਾ ਸੀ, ਜੋ ਕਿ 80-90 ਦੇ ਦਹਾਕੇ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਅਣਗਿਣਤ "ਜਾਅਲੀ ਮੁਕਾਬਲੇ" ਦੇ ਕਤਲਾਂ ਵਿੱਚ ਸਪੱਸ਼ਟ ਹੈ। ਗੁਰਦੁਆਰਾ ਸਿੱਖ ਸਮੂਹਾਂ ਨਾਲ ਏਕਤਾ ਵਿੱਚ ਖੜ੍ਹਾ ਹੈ, ਜੋਂ ਇਹ ਪੁਸ਼ਟੀ ਕਰਦਾ ਹੈ ਕਿ ਉਸ ਨੂੰ ਤਸੀਹੇ ਦਿੱਤੇ ਗਏ ਸਨ ਅਤੇ ਕਤਲ ਕੀਤਾ ਗਿਆ ਸੀ, ਤੇ ਭਾਰਤੀ ਅਧਿਕਾਰੀਆਂ ਦੁਆਰਾ ਵਰਤੀਆਂ ਗਈਆਂ ਬੇਰਹਿਮ ਚਾਲਾਂ ਨੂੰ ਹੋਰ ਰੇਖਾਂਕਿਤ ਕਰਦਾ ਹੈ।

ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀਆਂ, ਜਿਨ੍ਹਾਂ ਵਿੱਚ ਕੇਪੀ ਗਿੱਲ, ਤਰਸੇਮ ਗਿੱਲ ਅਤੇ ਸੁਮੇਧ ਸੈਣੀ ਵਰਗੀਆਂ ਬਦਨਾਮ ਹਸਤੀਆਂ ਸ਼ਾਮਲ ਹਨ, ਦੀ ਕਵਰ-ਅਪ ਵਿੱਚ ਮਿਲੀਭੁਗਤ ਬਾਰੇ ਜਾਣਨਾ ਨਿਰਾਸ਼ਾਜਨਕ ਹੈ। ਗੁਰਦੁਆਰਾ ਭਾਈ ਗੁਰਦੇਵ ਸਿੰਘ ਵਿਰੁੱਧ ਕੇਸ ਦਰਜ ਕਰਨ ਅਤੇ ਇਹਨਾਂ "ਝੂਠੇ ਮੁਕਾਬਲੇ" ਦੇ ਕਤਲਾਂ ਬਾਰੇ ਪੁਲਿਸ ਰੈਂਕਾਂ ਦੇ ਅੰਦਰ ਖੁੱਲ੍ਹੇ ਭੇਤ ਦੇ ਖੁਲਾਸੇ ਦੀ ਨਿੰਦਾ ਕਰਦਾ ਹੈ।

ਓਹਨਾਂ ਨੇ ਅੱਗੇ ਕਿਹਾ,ਅਸੀਂ ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ (ਪੀ.ਐਚ.ਆਰ.ਓ.) ਦੇ ਇਸ ਰਿਪੋਰਟ ਨੂੰ ਜਾਰੀ ਕਰਨ ਦੇ ਯਤਨਾਂ ਦੀ ਸ਼ਲਾਘਾ ਕਰਦੇ ਹਾਂ, ਸੱਚਾਈ 'ਤੇ ਰੌਸ਼ਨੀ ਪਾਉਂਦੇ ਹਾਂ। ਗੁਰਦੁਆਰਾ ਤਸ਼ੱਦਦ ਲਈ ਜ਼ਿੰਮੇਵਾਰ ਵਿਅਕਤੀਆਂ ਅਤੇ ਕਤਲ ਲਈ ਸਹਿਮਤੀ ਦੇਣ ਵਾਲੇ ਬਜ਼ੁਰਗਾਂ ਵਿਰੁੱਧ ਨਿਆਂ ਦੀ ਮੰਗ ਕਰਨ ਲਈ ਫ੍ਹੋ ਦੀ ਕਾਨੂੰਨੀ ਵਕਾਲਤ ਦਾ ਪੂਰਾ ਸਮਰਥਨ ਕਰਦਾ ਹੈ। ਅਸੀਂ ਜੁੰਮੇਵਾਰੀ ਅਤੇ ਦੋਸ਼ੀਆਂ ਵਿਰੁੱਧ ਕਾਰਵਾਈ ਦੀ ਮੰਗ ਕਰਨ ਲਈ ਇਕਜੁੱਟ ਹਾਂ।ਚੱਲ ਰਹੇ ਕਾਨੂੰਨੀ ਯਤਨਾਂ ਦੇ ਸਮਰਥਨ ਵਿੱਚ, ਫਰੀਮਾਂਟ ਗੁਰਦੁਆਰਾ ਅਜਿਹੇ ਘਿਨਾਉਣੇ ਅਪਰਾਧਾਂ ਤੋਂ ਪ੍ਰਭਾਵਿਤ ਪਰਿਵਾਰਾਂ ਪ੍ਰਤੀ ਆਪਣੀ ਡੂੰਘੀ ਹਮਦਰਦੀ ਪ੍ਰਗਟ ਕੀਤੀ।

ਸੁਪਰੀਮ ਕੌਂਸਲ ਨੇ ਕਿਹਾ ਕਿ ਅਸੀਂ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਲਈ ਇਨਸਾਫ਼ ਦੀ ਮੰਗ ਕਰਦੇ ਹਾਂ ਜਿੱਥੇ ਸਿੱਖ ਇਤਿਹਾਸ ਦੇ ਉਸ ਅਧਿਆਏ ਵਿੱਚ ਸਭ ਨੂੰ ਨਿਸ਼ਾਨਾ ਬਣਾਇਆ ਗਿਆ ਸੀ।

# ਇਮਰਾਨ ਖਾਨ ਨੂੰ ਚੋਣਾਂ ਲੜਨ ਲਈ ਅਦਾਲਤ ਤੋਂ ਨਹੀਂ ਮਿਲੀ ਰਾਹਤ

ਲਾਹੌਰ:ਪਾਕਿਸਤਾਨ ਦੀ ਜੇਲ੍ਹ 'ਚ ਬੰਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਅਗਲੇ ਮਹੀਨੇ ਚੋਣਾਂ ਲੜਨ ਲਈ ਅਦਾਲਤ ਤੋਂ ਕੋਈ ਰਾਹਤ ਨਹੀਂ ਮਿਲ ਸਕੀ। ਲਾਹੌਰ ਹਾਈ ਕੋਰਟ ਦੇ ਪੰਜਾਬ ਸੂਬੇ ਦੇ ਦੋ ਨੈਸ਼ਨਲ ਅਸੈਂਬਲੀ ਚੋਣ ਖੇਤਰਾਂ ਲਈ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਦੇ ਸੰਸਥਾਪਕ ਦੇ ਨਾਮਜ਼ਦਗੀ ਪੱਤਰਾਂ ਨੂੰ ਖਾਰਜ ਕਰਨ ਦੇ ਚੋਣ ਕਮਿਸ਼ਨ ਦੇ ਫੈਸਲੇ ਨੂੰ ਬਰਕਰਾਰ ਰੱਖਿਆ ਹੈ। ਪਾਕਿਸਤਾਨ 'ਚ ਅੱਠ ਫਰਵਰੀ ਨੂੰ ਚੋਣਾਂ ਹੋਣੀਆਂ ਹਨ। ਜਸਟਿਸ ਤਾਰਿਕ ਨਦੀਮ ਅਤੇ ਜਸਟਿਸ ਅਬੁਲ ਅਜੀਜ ਨੇ ਕ੍ਰਮਵਾਰ ਲਾਹੌਰ ਦੀ ਐਨਏ 122 ਅਤੇ ਮਿਆਂਵਾਲੀ ਐਨਏ 89 ਸੀਟਾਂ 'ਤੇ ਫੈਸਲੇ ਦੀ ਘੋਸ਼ਣਾ ਕੀਤੀ।

GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate

ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750

ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application

Call : 778-869-1097
By Appointment Only
#202-12677-80AVE SURREY

Harmanpreet Kaur
Punjabi Singer
ਵਿਆਹ ਸ਼ਾਦੀ, ਲੇਡੀਜ਼ ਸੰਗੀਤ
ਜਾਗੋ, ਮਾਈਆਂ,
ਘੋੜੀਆਂ, ਸੁਹਾਗ,
ਪੰਜਾਬੀ ਮੇਲਾ, ਸ਼ੋਅ ਆਦਿ ਦੀ
ਬੁਕਿੰਗ ਲਈ ਸੰਪਰਕ ਕਰੋ

Winner of Awaaz Punjabi
Voice of Punjab
India Got Talent
BEST IN PUNJAB FOLK SONGS
Ph:236-881-1276
Email:meriawaaz.music@gmail.com
YouTube harmanpreetofficial

# 25 ਸਾਲਾਂ ਤੋਂ ਬਾਦ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਕਤਲ ਸੰਬੰਧੀ ਤਿਵਾੜੀ ਕਮਿਸ਼ਨ ਦੀ ਰਿਪੋਰਟ ਤੋਂ ਬਾਦ ਵਿਦੇਸ਼ੀ ਸਿੱਖਾਂ ਵਿੱਚ ਭਾਰੀ ਰੋਹ



ਨਵੀਂ ਦਿੱਲੀ(ਮਨਪ੍ਰੀਤ ਸਿੰਘ ਖਾਲਸਾ):-25 ਸਾਲਾਂ ਤੋਂ ਬਾਦ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਕਤਲ ਸੰਬੰਧੀ ਤਿਵਾੜੀ ਕਮਿਸ਼ਨ ਦੀ ਰਿਪੋਰਟ ਤੋਂ ਬਾਦ ਵਿਦੇਸ਼ੀ ਸਿੱਖਾਂ ਵਿੱਚ ਭਾਰੀ ਰੋਹ ਹੈ।ਉਨ੍ਹਾਂ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਸਾਹਿਬ ਕੋਲੋਂ ਇਸ ਮਾਮਲੇ ਵਿਚ ਦੋਸ਼ੀਆਂ ਖਿਲਾਫ ਸਖ਼ਤ ਕਾਰਵਾਈ ਕਰਣ ਦੀ ਮੰਗ ਕਰਦਿਆਂ ਕਿਹਾ ਕਿ ਸਤਿਕਾਰ ਯੋਗ ਜਥੇਦਾਰ ਰਘਵੀਰ ਸਿੰਘ ਜੀ ਆਪ ਜੀ ਨੂੰ ਸਿੱਖਾਂ ਦੇ ਸਰਵਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸੇਵਾ ਮਿਲੀ ਹੈ।ਅੱਜ ਤੋਂ 25 ਸਾਲ ਪਹਿਲਾਂ ਇਸ ਅਸਥਾਨ ਦੇ ਕਾਰਜਕਾਰੀ ਜਥੇਦਾਰ ਭਾਈ ਗੁਰਦੇਵ ਸਿੰਘ ਜੀ ਕਾਉਂਕੇ ਨੂੰ ਉਸ ਵਕਤ ਦੀ ਜਾਲਮ ਹਕੂਮਤ ਦੇ ਕਰਿੰਦਿਆਂ ਨੇ ਕੋਹ ਕੋਹ ਕੇ ਸ਼ਹੀਦ ਕਰ ਦਿੱਤਾ ਸੀ।ਉਸ ਸੰਬੰਧ ਵਿੱਚ ਜੋ ਜਾਂਚ ਰਿਪੋਰਟ ਕਮੇਟੀ ਬਣਾਈ ਗਈ ਸੀ ਉਸਦੀ ਰਿਪੋਰਟ ਵੀ ਅੱਜ ਪੂਰੇ 31 ਸਾਲ ਬਾਦ ਜਨਤਕ ਹੋਈ ਹੈ । ਅਸੀਂ ਆਪ ਜੀ ਦਾ ਧਿਆਨ ਬੀ ਪੀ ਤਿਵਾੜੀ ਦੀ ਰਿਪੋਰਟ ਵੱਲ ਲਿਜਾਉਣਾ ਚਾਹੁੰਦੇ ਹਾਂ।ਸਿੱਖ ਕੌਮ ਨੇ ਕਈ ਦਹਾਕੇ ਬਹੁਤ ਹੀ ਘਿਨਾਉਣੇ ਜ਼ੁਲਮ ਹੰਢਾਏ ਹਨ ਜਿਨ੍ਹਾਂ ਜ਼ੁਲਮਾਂ ਦੀ ਲਪੇਟ ਵਿੱਚ ਉਸ ਸਮੇਂ ਦੇ ਜਥੇਦਾਰ ਭਾਈ ਗੁਰਦੇਵ ਸਿੰਘ ਜੀ ਕਾਉਂਕੇ ਵੀ ਆ ਗਏ ਆਮ ਸਿੱਖਾਂ ਦੀ ਕੀ ਹਾਲਤ ਹੋਵੇਗੀ ਤੁਸੀਂ ਭਲੀ ਭਾਂਤ ਸਮਝਦੇ ਹੋ।ਸਮੇਂ ਦੀਆਂ ਸਰਕਾਰਾਂ ਤੇ ਉਹਨਾਂ ਦੇ ਪੁਲਿਸ ਅਫ਼ਸਰਾਂ ਨੇ ਖੁੱਲ੍ਹੇ ਆਮ ਸਿੱਖਾਂ ਦੇ ਖੂਨ ਨਾਲ ਹੱਥ ਰੰਗੇ ਤੇ ਸਰਕਾਰਾਂ ਨੇ ਸਾਰੇ ਹੀ ਜਾਲਮ ਪੁਲਿਸ ਅਫ਼ਸਰਾਂ ਦੀ ਪੁਸ਼ਤ ਪਨਾਹੀ ਕੀਤੀ।ਕਿਸੇ ਵੀ ਦੋਸ਼ੀ ਪੁਲਿਸ ਅਫਸਰ ਖਿਲਾਫ ਕੋਈ ਕਾਰਵਾਈ ਨਹੀ ਹੋਈ । 1978 ਦੇ ਨਿਰੰਕਾਰੀ ਕਾਂਡ ਤੋਂ ਲੈ ਕੇ ਸਿਰਸੇ ਵਾਲੇ ਕਾਂਡ ਤੱਕ, ਝੂਠੇ ਪੁਲਿਸ ਮੁਕਾਬਲੇ, ਜਥੇਦਾਰ ਕਾਂਉਕੇ ਨੂੰ ਅਣਮਨੁੱਖੀ ਤਸੀਹੇ ਦੇ ਕੇ ਸ਼ਹੀਦ ਕਰਨਾ ਇਸਤੋ ਆਮ ਸਿੱਖਾਂ ਤੇ ਹੋਏ ਅਣਮਨੁੱਖੀ ਤਸ਼ੱਦਦ ਦਾ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ।ਸਭ ਤੋ ਵੱਡੀ ਭਾਜੀ ਸਿੱਖ ਕੌਮ ਤੇ ਬੁਰਜ ਜਵਾਹਰ ਸਿੰਘ ਵਾਲੇ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਐਲਾਨੀਆ ਤੌਰ ਤੇ ਬੇਅਦਬੀ ਦਾ ਦੌਰ ਚਲਾਉਣ ਤੋਂ ਬਾਦ ਸ਼ਾਤਮਈ ਬਾਣੀ ਪੜ੍ਹਦੇ ਸਿੱਖਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾ ਕੇ ਸ਼ਹੀਦ ਕਰਨਾ । ਸਾਰੇ ਤਸ਼ੱਦਦ ਦਾ ਦੌਰ ਚਲਾਉਣ ਵਾਲੇ ਪੁਲਿਸ ਅਫ਼ਸਰਾਂ ਦੀ ਪੁਸ਼ਤ ਪਨਾਹੀ ਕਰਨੀ ਉਹਨਾਂ ਨੂੰ ਤਰੱਕੀਆਂ ਦੇਣੀਆਂ ਸਿੱਖ ਪੰਥ ਨਾਲ ਬਹੁਕ ਵੱਡਾ ਧ੍ਰੋਹ ਬਾਦਲ, ਕੈਪਟਨ ਸਰਕਾਰ ਨੇ ਕਮਾਇਆ ਹੈ । ਪਰਮਜੀਤ ਸਿੰਘ ਉਮਰਾਨੰਗਲ, ਸਵਰਨੇ ਘੋਟਣੇ ਦਾ ਮੁੰਡਾ ਸੁਮੈਧ ਸੈਣੀ ਵਰਗੇ ਅਨੇਕਾਂ ਹੋਰ ਜਾਲਮ ਅਫ਼ਸਰਾਂ ਦੀ ਰਖਵਾਲੀ ਕਰਨ ਅਤੇ ਸਿੱਖਾਂ ਦੇ ਖੂਨ ਦੀ ਹੋਲੀ ਖੇਲਣ ਵਾਲਾ ਇੱਕ ਹੀ ਸ਼ਖਸ਼ ਪ੍ਰਕਾਸ਼ ਬਾਦਲ ਤੇ ਉਸਦਾ ਪੁੱਤ ਸੁਖਬੀਰ ਬਾਦਲ ਹੀ ਹੈ । ਸਾਰੇ ਵਰਤਾਰੇ ਦੇ ਨਾਲ ਸਿਰਸੇ ਵਾਲੇ ਬਦਮਾਸ਼ ਕੋਲੋ ਗੁਰੂ ਸਾਹਿਬ ਦਾ ਸਵਾਂਗ ਰਚਾਉਣਾ ਤੇ ਫਿਰ ਵੋਟਾਂ ਖਾਤਰ ਬਿਨਾ ਮੰਗਿਆਂ ਉਸਨੂੰ ਮੁਆਫੀ ਦੇ ਸਿੱਖ ਕੌਮ ਦੇ ਹਿਰਦੇ ਵਲੂੰਧਰਨੇ ਅਤੇ ਕਰੋੜਾਂ ਰੁਪੈ ਸ੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਬਰਬਾਦ ਕਰਨੇ ਵੀ ਪ੍ਰਕਾਸ਼ ਤੇ ਸੁਖਬੀਰ ਦੇ ਹਿੱਸੇ ਆਇਆ ਹੈ ।ਅੱਜ ਤੱਕ ਦੇ ਸਾਰੇ ਕਮਿਸ਼ਨ ਤੇ ਸਾਰੀਆਂ ਰਿਪੋਰਟਾਂ ਅਨੁਸਾਰ ਇਹ ਦੋਵੇਂ ਮੁੱਖ ਦੋਸ਼ੀਆਂ ਦੀ ਸੂਚੀ ਵਿੱਚ ਹਨ। ਪਰ ਸਾਬਕਾ ਜਥੇਦਾਰਾਂ ਪਾਸੋਂ ਆਪਣੀ ਦਹਿਸ਼ਤ ਦੇ ਸਿਰ ਤੇ ਫਖਰ ਏ ਕੌਮ ਦਾ ਮਾਣ ਲੈ ਚੁੱਕੇ ਹਨ । ਸਿੱਖ ਪੰਥ ਨੂੰ ਇਨਸਾਫ ਦੀ ਉਮੀਦ ਆਪ ਜੀ ਪਾਸੋਂ ਹੀ ਹੈ । ਤਿਵਾੜੀ ਕਮਿਸ਼ਨ ਦੀ ਰਿਪੋਰਟ ਅਨੁਸਾਰ ਜੋ ਵੀ ਦੋਸ਼ੀ ਹਨ ਉਹਨਾਂ ਤੇ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ । ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ ਆਪ ਜੀ ਸਿੱਖਾਂ ਦੇ ਸਰਬ ਉੱਚ ਅਸਥਾਨ ਦੇ ਸਰਬਰਾਹ ਹੋਣ ਦੇ ਨਾਤੇ ਜਥੇਦਾਰ ਗੁਰਦੇਵ ਸਿੰਘ ਜੀ ਕਾਉਂਕੇ ਦੇ ਕੇਸ ਦੀ ਪੈਰਵਾਈ ਲਈ ਆਪਣੀ ਦੇਖ ਰੇਖ ਹੇਠ ਕੋਈ ਕਮੇਟੀ ਨਿਯੁਕਤ ਕਰੋ । ਅਸੀਂ ਵਿਦੇਸ਼ੀਂ ਵਿੱਚ ਵੱਸਦੇ ਸਿੱਖ ਆਪ ਜੀ ਪਾਸੋਂ ਮੰਗ ਕਰਦੇ ਹਾਂ ਜਲਦੀ ਤੋਂ ਜਲਦੀ ਬਾਦਲ ਪ੍ਰੀਵਾਰ ਕੋ.ਲੋਂ ਫਖਰ ਏ ਕੌਮ ਦਾ ਮਾਣ ਵਾਪਿਸ ਲਿਆ ਜਾਵੇ ਅਤੇ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਨੂੰ ਅਣਮਨੁੱਖੀ ਤਸ਼ੱਦਦ ਕਰਕੇ ਸਰੀਰ ਦੇ ਟੋਟੇ ਕਰਕੇ ਦਰਿਆ ਵਿੱਚ ਰੋੜ੍ਹਨ ਵਾਲੇ ਸਾਰੇ ਪੁਲਿਸ ਮੁਲਾਜ਼ਮਾਂ ਤੇ ਸਖ਼ਤ ਕਾਰਵਾਈ ਕੀਤੀ ਜਾਵੇ । ਲਾਵਾਰਿਸ ਕਹਿ ਕੇ ਸਿੱਖ ਨੌਜਵਾਨਾਂ ਦੀਆਂ ਲਾਸ਼ਾ ਦੀ ਸ਼ਨਾਖ਼ਤ ਕਰਨ ਵਾਲੇ ਮਨੁੱਖੀ ਹੱਕਾਂ ਦੇ ਅਲੰਬਰਦਾਰ ਸਰਦਾਰ ਜਸਵੰਤ ਸਿੰਘ ਖਾਲੜੇ ਨੂੰ ਵੀ ਇਹਨਾਂ ਬਾਦਲਾਂ ਦੀ ਸਰਕਾਰ


ਮਨ ਮਨੁੱਖ ਦੀ ਕੁੰਜੀ ਹੈ
Mind is the key to the man.

NATURAL **HOMEOPATHIC** SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

**For Abbotsford**
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

**For Surrey**
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com



# TMG LOGISTICS INC.

## Need Owner Operators

NOW HIRING

*Vancouver to California *California to Alberta Back Vancouver
*Vancouver to East USA Return

*Good Paying Loads*



## Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:
(604) 598-3680 Fax: 604-596-3681 Cell: 778-838-3680

*#121-13140-80Ave Surrey, BC V3W 3B2*

# ਬਾਦਲ ਦਲ ਦੀ ਵਧੀ ਸਰਗਰਮੀ ਤੋਂ ਕਾਂਗਰਸ ਤੇ ਆਪ ਚਿੰਤਤ?

ਪਿਛਲੇ ਦਿਨੀਂ ਪੰਥਕ ਸਿਆਸਤ ਵਿਚ ਕੁਝ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਦਾ ਦਿੱਲੀ ਤੋਂ ਲੈ ਕੇ ਪੰਜਾਬ ਤੱਕ ਨੋਟਿਸ ਲਿਆ ਗਿਆ ਹੈ।

ਇਹ ਘਟਨਾਵਾਂ 14 ਦਸੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸਥਾਪਨਾ ਦਿਵਸ ‘ਤੇ ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ ਸਮੂਹ ਵਿਚ ਹੋਏ ਇਕ ਧਾਰਮਿਕ ਸਮਾਗਮ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਅਕਾਲੀ-ਭਾਜਪਾ ਸਰਕਾਰਾਂ ਸਮੇਂ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਅਤੇ ਹੋਰ ਹੋਈਆਂ ਗ਼ਲਤੀਆਂ ਸੰਬੰਧੀ ਬਿਨਾਂ ਸ਼ਰਤ ਮੁਆਫ਼ੀ ਮੰਗਣਾ ਅਤੇ ਨਾਰਾਜ਼ ਹੋ ਕੇ ਬਾਹਰ ਗਏ ਸਾਰੇ ਪਾਰਟੀ ਆਗੂਆਂ ਨੂੰ ਮੁੜ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਿਲ ਹੋਣ ਦਾ ਸੱਦਾ ਦੇਣਾ, ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਦਾ ਸੁਖਬੀਰ ਸਿੰਘ ਬਾਦਲ ਦੀ ਅਪੀਲ ‘ਤੇ ਅਮਲ ਕਰਦਿਆਂ ਮੁੜ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਿਲ ਹੋਣਾ ਆਦਿ ਹਨ।

ਪੰਥਕ ਵਿਚਾਰਕਾਂ ਅਤੇ ਬੁੱਧੀਜੀਵੀਆਂ ਦੀ ਰਾਇ ਇਹ ਹੈ ਕਿ ਪੰਜਾਬ ਕਾਂਗਰਸ ਅਤੇ ਆਮ ਆਦਮੀ ਪਾਰਟੀ ਵਲੋਂ ਸੁਖਬੀਰ ਸਿੰਘ ਬਾਦਲ ਵਲੋਂ ਮੁਆਫ਼ੀ ਮੰਗਣ ਤੇ ਅਕਾਲੀ ਏਕਤਾ ਦਾ ਸੱਦਾ ਦੇਣ ਦਾ ਵਿਰੋਧ ਆਪਣੇ ਸਿਆਸੀ ਹਿਤਾਂ ਕਾਰਨ ਕੀਤਾ ਜਾ ਰਿਹਾ ਹੈ ਪਰ ਇਸ ਸਮੇਂ ਸਿੱਖ ਪੰਥ ਅਤੇ ਪੰਜਾਬ ਦੇ ਹਿਤਾਂ ਲਈ ਇਕ ਮਜ਼ਬੂਤ ਸ਼੍ਰੋਮਣੀ ਅਕਾਲੀ ਦਲ ਅਤੇ ਗਤੀਸ਼ੀਲ ਲੀਡਰਸ਼ਿਪ ਦੀ ਲੋੜ ਹੈ। ਦੇਸ਼ ਵਿਚ ਇਸ ਸਮੇਂ ਜੋ ਫਿਰਕੂ ਧਰੁਵੀਕਰਨ ਦੀ ਰਾਜਨੀਤੀ ਚੱਲ ਰਹੀ ਹੈ, ਉਸ ਨਾਲ ਘੱਟ-ਗਿਣਤੀਆਂ, ਦਲਿਤ ਅਤੇ ਹੋਰ ਕਮਜ਼ੋਰ ਵਰਗ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਜੇਕਰ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀ ਗੱਲ ਕਰੀਏ ਤਾਂ ਇਨ੍ਹਾਂ ਵਲੋਂ ਪਿਛਲੇ ਲੰਮੇ ਸਮੇਂ ਤੋਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦਾ ਮਸਲਾ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਕੋਲ ਉਠਾਇਆ ਜਾ ਰਿਹਾ ਹੈ ਪਰ ਨਾ ਤਾਂ ਪੰਜਾਬ ਸਰਕਾਰ ਅਤੇ ਨਾ ਹੀ ਕੇਂਦਰ ਸਰਕਾਰ ਨੇ ਇਸ ਸੰਬੰਧੀ ਕੋਈ ਹਾਂ-ਪੱਖੀ ਹੁੰਗਾਰਾ ਭਰਿਆ ਹੈ। ਇਸ ਤੋਂ ਇਲਾਵਾ ਓਡੀਸ਼ਾ, ਸਿੱਕਮ ਅਤੇ ਉਤਰਾਖੰਡ ਵਿਚ ਕੁਝ ਸਿੱਖ ਗੁਰਧਾਮਾਂ ਦੇ ਮਸਲੇ ਵੀ ਉਲਝੇ ਹੋਏ ਹਨ।

ਪੰਜਾਬ ਸਿੱਖ ਪੰਥ ਦੀ ਜਨਮ ਭੂਮੀ ਅਤੇ ਕਰਮ ਭੂਮੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਹੋਂਦ ਵਿਚ ਆਉਣ ਤੋਂ ਲੈ ਹੁਣ ਤੱਕ ਪੰਜਾਬ ਦੇ ਹੱਕਾਂ ਹਿਤਾਂ ਲਈ ਬੇਮਿਸਾਲ ਸੰਘਰਸ਼ ਕੀਤਾ ਹੈ। ਰਾਜ ਦੀ ਕਿਸੇ ਵੀ ਹੋਰ ਸਿਆਸੀ ਪਾਰਟੀ ਨੇ ਪੰਜਾਬ ਦੇ ਹਿਤਾਂ ਲਈ ਕੋਈ ਅੰਦੋਲਨ ਨਹੀਂ ਲੜਿਆ। ਚਾਹੇ ਚੰਡੀਗੜ੍ਹ ਅਤੇ ਹੋਰ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਿਲ ਕਰਵਾਉਣ ਦਾ ਮੁੱਦਾ ਹੋਵੇ, ਦਰਿਆਈ ਪਾਣੀਆਂ ਸੰਬੰਧੀ ਇਨਸਾਫ਼ ਹਾਸਿਲ ਕਰਨ ਦੀ ਗੱਲ ਹੋਵੇ ਜਾਂ ਪੰਜਾਬ ਦੇ ਵਿਕਾਸ ਦੀ ਗੱਲ ਹੋਵੇ ਹਮੇਸ਼ਾ ਅਕਾਲੀ ਦਲ ਨੇ ਅੱਗੇ ਹੋ ਕੇ ਰੋਲ ਨਿਭਾਇਆ ਹੈ। ਬਿਨਾਂ ਸ਼ੱਕ ਇਸ ਸਮੇਂ ਦੌਰਾਨ ਅਕਾਲੀ ਦਲ ਦੀ ਲੀਡਰਸ਼ਿਪ ਨੇ ਕੁਝ ਵੱਡੀਆਂ ਗ਼ਲਤੀਆਂ ਵੀ ਕੀਤੀਆਂ ਹਨ। ਅਕਾਲੀ ਦਲ ਦੀਆਂ ਰਾਜਨੀਤਕ, ਆਰਥਿਕ ਅਤੇ ਧਾਰਮਿਕ ਨੀਤੀਆਂ ਤੇ ਇਨ੍ਹਾਂ ਖ਼ੇਤਰਾਂ ਵਿਚ ਕਾਰਗੁਜ਼ਾਰੀ ਸੰਬੰਧੀ ਵੀ ਲੋਕਾਂ ਦੇ ਵੱਖ-ਵੱਖ ਵਰਗਾਂ ਦੀ ਆਪਣੀ-ਆਪਣੀ ਰਾਇ ਹੋ ਸਕਦੀ ਹੈ। ਪਰ ਇਸ ਗੱਲ ਸੰਬੰਧੀ ਪੰਜਾਬ ਪਖੀ ਕੁਝ ਬੁਧੀਜੀਵੀਆਂ ਦੀ ਰਾਇ ਹੈ ਕਿ ਅਕਾਲੀ ਦਲ ਨੇ ਪੰਜਾਬ ਲਈ ਸਭ ਤੋਂ ਵੱਧ ਸੰਘਰਸ਼ ਕੀਤੇ ਹਨ ਅਤੇ ਪੰਜਾਬ ਦੇ ਵਿਕਾਸ ਵਿਚ ਵੀ ਸਭ ਤੋਂ ਵੱਧ ਹਿੱਸਾ ਪਾਇਆ। ਜਿਥੋਂ ਤੱਕ 2015 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਿਤ ਬੇਅਦਬੀ ਦੀਆਂ ਘਟਨਾਵਾਂ ਦਾ ਸੰਬੰਧ ਹੈ, ਬਿਨਾਂ ਸ਼ੱਕ ਇਸ ਦੇ ਪਿੱਛੇ ਕੰਮ ਕਰ ਰਹੀਆਂ ਸ਼ਕਤੀਆਂ ਅਤੇ ਸਾਜਿਸ਼ਾਂ ਨੂੰ ਉਸ ਸਮੇਂ ਦੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਸਿਰ ਸਮਝਣ ਵਿਚ ਅਸਫਲ ਰਹੀ। ਉਹ ਸਮੇਂ ਸਿਰ ਦੋਸ਼ੀਆਂ ਦੀ ਸ਼ਨਾਖ਼ਤ ਕਰਕੇ ਉਨ੍ਹਾਂ ਨੂੰ ਕਾਨੂੰਨ ਦੇ ਕਟਹਿਰੇ ਵਿਚ ਖੜ੍ਹਾ ਵੀ ਨਹੀਂ ਸੀ ਕਰ ਸਕੀ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਸੀ ਉਸ ਸਮੇਂ ਦੇ ਪੁਲਿਸ ਅਧਿਕਾਰੀ ਜਾਂਚ ਨੂੰ ਸਹੀ ਦਿਸ਼ਾ ਵਿਚ ਲੈ ਕੇ ਨਹੀਂ ਜਾ ਸਕੇ ਜਾਂ ਵੋਟ ਬੈਂਕ ਰਾਜਨੀਤੀ ਦੇ ਪ੍ਰਭਾਵ ਅਧੀਨ ਵੀ ਅਕਾਲੀ ਸਰਕਾਰ ਦੀ ਇਸ ਸੰਬੰਧੀ ਕਾਰਵਾਈ ਕਮਜ਼ੋਰ ਰਹੀ ਹੋ ਸਕਦੀ ਹੈ। ਪਰ ਜਿਸ ਤਰ੍ਹਾਂ ਕਿ ਵਿਰੋਧੀ ਸਿਆਸੀ ਪਾਰਟੀਆਂ ਕਾਂਗਰਸ ਅਤੇ ਆਮ ਆਦਮੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ‘ਤੇ ਇਹ ਦੋਸ਼ ਲਾਉਂਦੀਆਂ ਰਹੀਆਂ ਹਨ ਕਿ ਬੇਅਦਬੀ ਦੀਆਂ ਘਟਨਾਵਾਂ ਕਰਵਾਉਣ ਪਿੱਛੇ ਸ਼੍ਰੋਮਣੀ ਅਕਾਲੀ ਦਲ ਦਾ ਹੱਥ ਹੈ, ਇਨ੍ਹਾਂ ਦੋਸ਼ਾਂ ਨੂੰ ਸਹੀ ਨਹੀਂ ਮੰਨਿਆ ਜਾ ਸਕਦਾ।ਹਾਂ ਉਨ੍ਹਾਂ ਦੀ ਰਾਜਨੀਤਕ ਕਮਜ਼ੋਰੀ ਕਹੀ ਜਾ ਸਕਦੀ ਹੈ।ਬਾਕੀ ਇਹ ਕੇਸ ਹੁਣ ਅਦਾਲਤ ਵਿਚ ਹੈ, ਇਸ ਸੰਬੰਧੀ ਅੰਤਿਮ ਫ਼ੈਸਲਾ ਉਥੋਂ ਆ ਹੀ ਜਾਵੇਗਾ। ਬਿਨਾਂ ਸ਼ੱਕ ਪਹਿਲਾਂ ਕਾਂਗਰਸ ਅਤੇ ਬਾਅਦ ਵਿਚ ਆਮ ਆਦਮੀ ਪਾਰਟੀ ਨੇ ਅਜਿਹੀ ਦੂਸ਼ਣਬਾਜ਼ੀ ਕਰਕੇ ਚੋਖਾ ਸਿਆਸੀ ਲਾਭ ਹਾਸਿਲ ਕੀਤਾ ਹੈ।



ਹੁਣ ਜਦੋਂ ਕਿ ਲੋਕ 2017 ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ, ਉਸ ਤੋਂ ਬਾਅਦ ਕੁਝ ਮਹੀਨਿਆਂ ਲਈ ਚਰਨਜੀਤ ਸਿੰਘ ਚੰਨੀ ਦਾ ਅਤੇ 2022 ਦੀਆਂ ਚੋਣਾਂ ਤੋਂ ਬਾਅਦ ਲਗਭਗ 2 ਸਾਲ ਤੱਕ ਦਾ ਮੁੱਖ ਮੰਤਰੀ ਭਗਵੰਤ ਮਾਨ ਦਾ ਰਾਜਕਾਜ ਅਤੇ ਕਾਰਜਸ਼ੈਲੀ ਦੇਖ ਚੁੱਕੇ ਹਨ, ਤਾਂ ਰਾਜ ਦੇ ਲੋਕਾਂ ਦੇ ਇਕ ਵੱਡੇ ਹਿੱਸੇ ਵਿਚ ਇਹ ਅਹਿਸਾਸ ਮੁੜ ਪਨਪਣ ਲੱਗਾ ਹੈ ਕਿ ਪੰਥ ਅਤੇ ਪੰਜਾਬ ਦੇ ਹੱਕਾਂ-ਹਿਤਾਂ ਦੀ ਰਾਖੀ ਲਈ ਸ਼੍ਰੋਮਣੀ ਅਕਾਲੀ ਦਾ ਪ੍ਰਸੰਗਿਕ ਅਤੇ ਮਜ਼ਬੂਤ ਹੋਣਾ ਬੇਹੱਦ ਜ਼ਰੂਰੀ ਹੈ। ਆਪ ਸਰਕਾਰ ਦੀ ਦੋ ਸਾਲਾਂ ਦੀ ਕਾਰਗੁਜ਼ਾਰੀ ਨੇ ਵੀ ਪੰਜਾਬੀਆਂ ਨੂੰ ਨਿਰਾਸ਼ ਹੀ ਕੀਤਾ ਹੈ। ਇਸ ਸਰਕਾਰ ਨੇ ਸਿੱਖਿਆ, ਸਿਹਤ ਸੇਵਾਵਾਂ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਨ ਸੰਬੰਧੀ ਆਪਣੀਆਂ ਤਰਜੀਹਾਂ ਦਾ ਪ੍ਰਚਾਰ ਤਾਂ ਦਿਨ-ਰਾਤ ਕੀਤਾ ਹੈ ਪਰ ਇਸ ਸੰਬੰਧੀ ਠੋਸ ਪ੍ਰਾਪਤੀਆਂ ਕਰਨ ਵਿਚ ਇਹ ਅਸਫਲ ਰਹੀ ਹੈ। ਇਸੇ ਤਰ੍ਹਾਂ ਰਾਜ ਵਿਚ ਅਮਨ ਕਾਨੂੰਨ ਦੀ ਹਾਲਤ ਨੂੰ ਸੁਧਾਰਨ ਵਿਚ ਵੀ ਉਸ ਦੀ ਕਾਰਵਾਈ ਪ੍ਰਭਾਵਸ਼ਾਲੀ ਸਿੱਧ ਨਹੀਂ ਹੋ ਸਕੀ। ਦੇਸ਼ ਭਰ ਵਿਚ ਪਾਰਟੀ ਦੇ ਪ੍ਰਚਾਰ ਲਈ ਪੰਜਾਬ ਦੇ ਵਿੱਤੀ ਸਾਧਨਾਂ ਦੀ ਦਿਨ-ਰਾਤ ਦੁਰਵਰਤੋਂ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਪੰਜਾਬ ਦੇ ਬੁਨਿਆਦੀ ਮਸਲਿਆਂ ਚੰਡੀਗੜ੍ਹ, ਦਰਿਆਈ ਪਾਣੀਆਂ ਅਤੇ ਭਾਖੜਾ ਮੈਨੇਜਮੈਂਟ ਬੋਰਡ ਵਿਚ ਪੰਜਾਬ ਦੀ ਨੁਮਾਇੰਦਗੀ ਮੁੜ ਬਹਾਲ ਕਰਵਾਉਣ ਆਦਿ ਸੰਬੰਧੀ ਵੀ ਇਸ ਸਰਕਾਰ ਦੀ ਪ੍ਰਤੀਬੱਧਤਾ ਦੇਖਣ ਨੂੰ ਨਹੀਂ ਮਿਲ ਰਹੀ। ਸਗੋਂ ਇਸ ਸਰਕਾਰ ਦੇ ਕੁਝ ਆਗੂ ਤਾਂ ਹਰਿਆਣਾ ਅਤੇ ਰਾਜਸਥਾਨ ਨੂੰ ਪਾਣੀ ਦੇਣ ਦੀ ਸ਼ਰ੍ਹੇਆਮ ਵਕਾਲਤ ਕਰ ਰਹੇ ਹਨ।ਜੇਕਰ ਦੇਸ਼ ਦੀ ਅਜੋਕੀ ਰਾਜਨੀਤਕ ਸਥਿਤੀ ਨੂੰ ਵੀ ਦੇਖੀਏ ਤਾਂ ਉਸ ਵਿਚ ਵੀ ਪੰਥ ਅਤੇ ਪੰਜਾਬ ਦੇ ਹਿਤਾਂ ਦੀ ਪਹਿਰੇਦਾਰੀ ਕਰਨ ਅਤੇ ਕੌਮੀ ਪੱਧਰ ‘ਤੇ ਸਿੱਖ ਪੰਥ ਦੀ ਢੁਕਵੀਂ ਨੁਮਾਇੰਦਗੀ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਇਕਮੁੱਠ ਹੋਣ ਦੀ ਜ਼ਰੂਰਤ ਹੈ। ਪੰਥਕ ਮਾਹਿਰਾਂ ਦੀ ਰਾਇ ਹੈ ਕਿ ਇਸ ਮਕਸਦ ਲਈ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਏਕਤਾ ਕਰਨ ਦੀ ਵੀ ਲੋੜ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਕਾਰਜਸ਼ੈਲੀ ਵਿਚ ਜਮਹੂਰੀਅਤ ਅਤੇ ਪਾਰਦਰਸ਼ਤਾ ਲਿਆਉਣ ਦੀ ਵੀ ਬੇਹੱਦ ਜ਼ਰੂਰਤ ਹੈ। ਜੇਕਰ ਸ਼੍ਰੋਮਣੀ ਅਕਾਲੀ ਦਲ ਦੀ ਅਜੋਕੀ ਲੀਡਰਸ਼ਿਪ ਪੰਥ ਤੇ ਪੰਜਾਬ ਦੇ ਹਿਤਾਂ ਦੀ ਰਾਖੀ ਲਈ ਢੁਕਵਾਂ ਏਜੰਡਾ ਲੈ ਕੇ ਅੱਗੇ ਆਉਂਦੀ ਹੈ, ਪਾਰਟੀ ਸੰਬੰਧੀ ਅਹਿਮ ਫ਼ੈਸਲੇ ਸਮੂਹਿਕ ਵਿਚਾਰ-ਵਟਾਂਦਰੇ ਨਾਲ ਲੈਂਦੀ ਹੈ, ਹੇਠਾਂ ਤੱਕ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਦਾ ਮਾਣ-ਸਨਮਾਨ ਬਹਾਲ ਕਰਦੀ ਹੈ ਤਾਂ ਸ਼੍ਰੋਮਣੀ ਅਕਾਲੀ ਦਲ ਇਕ ਵਾਰ ਫਿਰ ਮਜ਼ਬੂਤੀ ਨਾਲ ਖੜ੍ਹਾ ਹੋ ਸਕਦਾ ਹੈ।

## (ਮੁੱਖ ਪੰਨੇ ਦੀ ਬਾਕੀ)

ਮੰਤਰੀ ਇੰਦਰਾ ਗਾਂਧੀ ਦੀ ਉਨ੍ਹਾਂ ਦੇ ਸੁਰੱਖਿਆ ਗਾਰਡਾਂ ਵਲੋਂ ਕਤਲ ਦੇ ਇਕ ਦਿਨ ਬਾਅਦ 1 ਨਵੰਬਰ 1984 ਨੂੰ ਪੁਲ ਬੰਗਸ਼ ਵਿਚ 3 ਲੋਕਾਂ ਦਾ ਕਤਲ ਕਰ ਦਿੱਤਾ ਗਿਆ ਸੀ ਅਤੇ ਇਕ ਗੁਰਦੁਆਰੇ ‘ਚ ਅੱਗ ਲਾ ਦਿੱਤੀ ਸੀ।ਇਸ ਅੱਗ ‘ਚ ਸਰਦਾਰ ਠਾਕੁਰ ਸਿੰਘ, ਬਾਦਲ ਸਿੰਘ ਅਤੇ ਗੁਰਚਰਨ ਸਿੰਘ ਦੀ ਮੌਤ ਹੋਈ ਸੀ। ਇਸ ਮਾਮਲੇ ਵਿਚ ਟਾਈਟਲਰ ‘ਤੇ ਭੀੜ ਨੂੰ ਭੜਕਾਉਣ ਦਾ ਦੋਸ਼ ਲੱਗਾ ਸੀ।

ਸਿੱਖ ਦੰਗਿਆਂ ਦੀ ਜਾਂਚ ਲਈ ਜਸਟਿਸ ਨਾਨਾਵਟੀ ਕਮਿਸ਼ਨ ਦਾ ਗਠਨ ਸਾਲ 2000 ਵਿਚ ਕੀਤਾ ਗਿਆ ਸੀ।ਇਸ ਕਮਿਸ਼ਨ ਦੀ ਰਿਪੋਰਟ ਮਿਲਣ ਮਗਰੋਂ ਗ੍ਰਹਿ ਮੰਤਰਾਲਾ ਨੇ ਇਸ ਮਾਮਲੇ ਵਿਚ ਜਗਦੀਸ਼ ਟਾਈਟਲਰ ਅਤੇ ਹੋਰਨਾਂ ਖ਼ਿਲਾਫ਼ ਸੀ.ਬੀ.ਆਈ. ਜਾਂਚ ਦੇ ਹੁਕਮ ਦਿੱਤੇ ਸਨ। ਸੀ.ਬੀ.ਆਈ. ਜਾਂਚ ਦੌਰਾਨ ਇਹ ਸਬੂਤ ਸਾਹਮਣੇ ਆਏ ਸਨ ਕਿ 1 ਨਵੰਬਰ, 1984 ਨੂੰ ਦੋਸ਼ੀ ਨੇ ਭੀੜ ਨੂੰ ਉਕਸਾਇਆ ਸੀ। ਜਿਸ ਦਾ ਨਤੀਜਾ ਇਹ ਹੋਇਆ ਕਿ ਗੁਰਦੁਆਰੇ ਵਿਚ ਅੱਗ ਲਾਈ ਗਈ ਅਤੇ ਭੀੜ ਨੇ 3 ਲੋਕਾਂ ਨੂੰ ਵੀ ਅੱਗ ਦੇ ਹਵਾਲੇ ਕਰ ਦਿੱਤਾ।

☞ ਨੇ ਲਾਸ਼ ਬਣਾ ਦਿੱਤਾ ਤੇ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਵਾਂਗ ਹੀ ਦਰਿਆ ਵਿੱਚ ਰੋੜ੍ਹ ਦਿੱਤਾ ਸੀ ।ਇਹ ਸਾਰੇ ਜ਼ੁਲਮਾਂ ਵਿੱਚ ਸੁਖਵੀਰ ਬਾਦਲ ਖ਼ੁਦ ਸ਼ਾਮਲ ਰਿਹਾ ਹੈ ਐਹੋ ਜਿਹਾ ਕਲੰਕਿਤ ਵਿਅਕਤੀ ਸਿੱਖ ਸ਼ਹੀਦਾਂ ਦੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦਾ ਮੁਖੀ ਨਹੀ ਹੋ ਸਕਦਾ ਇਸ ਵਿਅਕਤੀ ਨੂੰ ਜਲਦੀ ਹੀ ਤਲਬ ਕਰਕੇ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਲਾਂਭੇ ਕੀਤਾ ਜਾਵੇ ।ਆਪ ਜੀ ਅਕਾਲੀ ਫੂਲਾ ਸਿੰਘ ਜੀ ਦੀ ਪਦਵੀ ਤੇ ਬਿਰਾਜਮਾਨ ਹੋ ਸਿੱਖ ਸੰਗਤਾਂ ਆਪ ਜੀ ਪਾਸੋਂ ਉਸ ਸੇਵਾ ਦੀ ਆਸ ਕਰਦੀਆਂ ਹਨ ਜੋ ਅਕਾਲੀ ਫੂਲਾ ਸਿੰਘ ਨੇ ਸਮੇਂ ਦੇ ਹੁਕਮਰਾਨਾਂ ਤੋਂ ਨਿਡਰ ਹੋ ਕੇ ਕੀਤੀ ਸੀ। ਇਹ ਸਮਾਂ ਬਹੁਤ ਨਾਜੁਕ ਹੈ ਸਿੱਖ ਹੱਕਾਂ ਦੀ ਗੱਲ ਪੂਰੇ ਸੰਸਾਰ ਦੇ ਅਗਾਂਹਵਧੂ ਮੁਲਕਾਂ ਵਿੱਚ ਚੱਲ ਰਹੀ ਹੈ । ਆਪ ਜੀ ਖੁੱਲ ਕੇ ਸਿੱਖਾਂ ਦੇ ਹੱਕਾਂ ਦੀ ਗੱਲ ਰੱਖੋ ਦੇਸ਼ਾਂ ਵਿਦੇਸ਼ਾਂ ਵਿੱਚ ਵੱਸਦੇ ਸਿੱਖ ਆਪ ਜੀ ਨਾਲ ਹੋ ਤੁਰਨਗੇ । ਸਾਨੂੰ ਪੂਰੀ ਆਸ ਹੈ ਆਪ ਜੀ ਸਾਡੀ ਬੇਨਤੀ ਪ੍ਰਵਾਨ ਕਰੋਗੇ । ਭਾਈ ਦੁਬਿੰਦਰਜੀਤ ਸਿੰਘ ਪ੍ਰਮੁੱਖ ਸਲਾਹਕਾਰ ਸਿੱਖ ਫੈਡਰੇਸ਼ਨ ਯੂਕੇ ਵਿਚ ਉਪਰੋਕਤ ਬਿਆਨ ਮੀਡੀਆ ਨੂੰ ਜਾਰੀ ਕੀਤਾ ਗਿਆ ।

### ਵਿਚਾਰ

ਸਮਾਂ ਪੈਸੇ ਨਾਲੋਂ ਜ਼ਿਆਦਾ ਕੀਮਤੀ ਹੈ, ਤੁਸੀਂ ਪੈਸੇ ਨੂੰ ਤਾਂ ਵਧਾ ਸਕਦੇ ਹੋ ਪਰ ਸਮੇਂ ਨੂੰ ਨਹੀਂ।

SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711

FARM MORTGAGE SPECIALIST

Please Call:

SARBJIT DUBB, AMP

Mortgage Consultant

604-780-4497

Verico A.K. Mortgage Plus Inc.

AK Mortgage Plus — Professional Mortgage Consultants

A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca

5 YEAR FIXED

5.29 %*

QUICK & EASY APPROVALS



*Rates are subject to change. O.A.C. Some Conditions Apply. VERICO A.K. MORTGAGE PLUS INC

# ਮਾਘੀ ਨਹਾਵਣ ਮੈਂ ਚੱਲੀ ਜੋ ਤੀਰਥ ਕਰ ਸਮਿਆਨ

ਪੰਜਾਬੀਆਂ ਦੇ ਦਿਨ, ਮਹੀਨੇ, ਤਿੱਥ, ਤਿਉਹਾਰ, ਅਖਾਣ, ਕਹਾਵਤਾਂ, ਟੱਪੇ, ਬੋਲੀਆਂ ਤੇ ਲੋਕ ਗੀਤ ਸਭ ਆਪਸ 'ਚ ਜੁੜੇ ਹੋਏ ਨੇ ਸਾਡੇ ਕਈਂ ਸੂਫੀ-ਸੰਤ-ਫ਼ਕੀਰਾਂ ਨੇ ਤਿੱਥ ਅਤੇ ਤਿਉਹਾਰਾ ਤੋਂ ਇਲਾਵਾ ਸਾਲ 'ਚ ਆਉਂਦੇ ਦੇਸੀ ਮਹੀਨਿਆਂ ਤੇ ਵੀ ਬਹੁਤ ਕੁਝ ਫ਼ਰਮਾਇਆ ਹੈ।

ਉਨ੍ਹਾਂ ਦੀਆ ਲਿਖੀਆਂ ਤੇ ਕਹੀਆਂ ਗੱਲਾਂ 'ਚ ਇਕ ਅਲੱਗ ਹੀ ਕਿਸਮ ਦਾ ਨਿੱਘ ਅੱਜ ਵੀ ਮਿਲਦਾ ਹੈ, ਰੁੱਤਾਂ, ਬਹਾਰਾਂ, ਮੌਸਮ, ਤੇ ਤਿਉਹਾਰਾ ਦੇ ਆਪਸੀ ਸੰਬੰਧ ਉਨ੍ਹਾਂ ਬੜੀ ਸੁਝ-ਬੁਝ ਨਾਲ ਆਪਣੇ ਢੰਗ ਨਾਲ ਸਮਜਾਇਆ ਹੈ। ਜਿਵੇਂ ਚੱਲ ਰਹੇ ਮਾਘ ਦੇ ਮਹੀਨੇ 'ਚ ਪੈ ਰਹੇ ਪਾਲੇ ਦਾ ਜਿਕਰ ਕਰਦੇ ਹੋਏ ਸਾਡੇ ਬਜ਼ੁਰਗ ਬਹੁਤ ਵਧੀਆ ਅਖਾਣ ਰੂਪ 'ਚ ਜਿਕਰ ਕਰਦੇ ਹਨ ਕਿ :

ਪਾਲਾ ਪੋਹ ਦਾ ਨਾ ਮਾਘ ਦਾ, ਪਾਲਾ ਵਾਓ ਦਾ !

ਮਾਘ ਮਹੀਨੇ 'ਚ ਪਾਲਾ ਘਟਣ ਦੇ ਆਸਾਰ ਬਣਦੇ ਹਨ, ਕਿਉਂ ਕਿ ਮਾਘ ਮਹੀਨੇ ਸੂਰਜ ਦੀ ਹਾਜ਼ਰੀ ਥੋੜੀ ਵਧਣ ਕਾਰਣ ਕੋਸੀ-ਕੋਸੀ ਧੁੱਪ ਦਾ ਅਨੰਦ ਮਾਣਦਿਆਂ ਚੌਗਿਰਦਾ ਖਿਲ ਉੱਠਦਾ ਹੈ, ਪ੍ਰੰਤੂ ਜੇ ਕਿਤੇ ਮਾਘ ਮਹੀਨੇ ਮੀਂਹ 'ਪੈ ਜਾਵੇਂ ਤੇ ਨਾਲ ਹੀ ਹਵਾ ਚੱਲ ਪਵੇਂ ਤਾਂ ਇਹ ਮਾਘ ਮਹੀਨਾ ਵੀ ਭਰ ਸਿਆਲੂ ਦਾ ਮਹੀਨਾ 'ਹੋ ਨਿੱਬੜਦਾ ਹੈ । ਮਾਘ ਦੇ ਮਹੀਨੇ ਇਹ ਜਾਂਦੀ-ਜਾਂਦੀ ਸਿਆਲੂ ਰੁੱਤ ਮਨੁੱਖੀ ਮਨ 'ਚ ਮਿਲਾਪ ਦੀ ਤਾਂਘ ਪੈਦਾ ਕਰਦੀ ਜਾਪਦੀ ਹੈ, ਇਹ ਮਿਲਾਪ ਦੀ ਤਾਂਘ ਦੁਨੀਆਵੀ ਵੀ ਹੋ ਸਕਦੀ ਹੈ ਤੇ ਰੂਹਾਨੀ ਵੀ ਇਹ ਮਨੁੱਖੀ ਮਨ ਦੀ ਅਵਸਥਾ ਤੇ ਨਿਰਭਰ ਕਰਦਾ ਹੈ। ਬਾਰਾਂਮਾਹ 'ਚ ਹਿਦਾਇਤਉਲਾ ਜੀ ਫ਼ਰਮਾਉਂਦੇ ਹਨ ਕਿ:

**ਮਾਘ ਮਹੀਨਾ ਮਾਹੀ ਬਾਝੋਂ ਜੋ ਕੁਛ ਮੈਂ ਸੰਗ ਬੀਤੀ ਜੇ ।**
**ਸ਼ਾਲਾ ਦੁਸ਼ਮਨ ਨਾਲ ਨ ਹੋਵੇ ਜੇਹੀ ਵਿਛੋੜੇ ਕੀਤੀ ਜੇ ।**
**ਕੋਹਲੂ ਵਾਂਗਰ ਜਾਨ ਤਤੀ ਦੀ ਪੀੜ ਇਸ਼ਕ ਨੇ ਲੀਤੀ ਜੇ।**
**ਜਾਣੇ ਓਹ ਏਹ ਗੱਲ ਹਿਦਾਯਤ ਜ਼ਹਿਰ ਇਸ਼ਕ ਜਿਨਿ ਪੀਤੀ ਜੇ ॥੧੧॥**

ਇਹ ਮਾਘ ਮਾਹ ਦੇਸੀ ਮਹੀਨੇ ਦਾ ਗਿਆਰਵਾਂ ਮਹੀਨਾ ਬਣਦਾ ਹੈ ਅਤੇ ਅੰਗਰੇਜ਼ੀ ਮਹੀਨੇ ਅਨੁਸਾਰ ਮਾਘ ਮਾਹ ਅੱਧ ਜਨਵਰੀ ਤੋਂ ਸ਼ੁਰੂ ਹੋ ਅੱਧ ਫਰਵਰੀ ਤੱਕ ਦਾ ਹੁੰਦਾ ਹੈ। ਮਾਘ ਮਾਹ ਤੋਂ ਪਹਿਲਾਂ ਆਏ ਪੋਹ ਮਾਹ ਦੀ ਆਖਰੀ ਰਾਤ ਨੂੰ ਬਣਾਈ ਖਿਚੜੀ ,ਖੀਰ ਆਦਿ ਮਾਘ ਮਾਹ ਚੜ੍ਹਦਿਆਂ ਲੋਕ ਸੁਭਾ ਸੁੱਚੇ ਮੂੰਹ ਖਾਂਦੇ ਤੇ ਇਸ ਨੂੰ ਇਓ ਬਿਆਨਦੇ: ਪੋਹ ਰਿੱਧੀ ਮਾਘ ਖਾਧੀ!

ਮਾਘ ਮਾਹ ਦੀ ਪਹਿਲੀ ਤਾਰੀਖ ਮਾਘ ਦੀ ਸੰਗਰਾਂਦ ਅਖਵਾਉਂਦੀ ਹੈ ਤੇ ਇਸੇ ਦਿਨ ਸਿੱਖਾਂ ਦਾ ਤਿਉਹਾਰ ਮਾਘੀ ਹੁੰਦਾ ਹੈ ਜੋ ਕਿ ਪੰਜਾਬ ਦੀ ਧਰਤੀ ਮੁਕਤਸਰ ਸਾਹਿਬ ਵਿਖੇ ਮਨਾਇਆ ਜਾਂਦਾ ਹੈ। ਇਤਿਹਾਸਕ ਪੱਖ ਤੋਂ ਇੱਥੇ ਮਾਘ ਦੇ ਪਹਿਲੇ ਦਿਨ 40 ਮੁਕਤਿਆਂ ਦੀ ਯਾਦ ਨੂੰ ਸਮਰਪਿਤ ਵਿਸ਼ਾਲ ਸ਼ਹੀਦੀ ਜੋੜ ਮੇਲ ਲੱਗਦਾ ਹੈ ਜਿੱਥੇ ਲੱਖਾਂ ਸ਼ਰਧਾਲੂ ਮਹਾਨ ਸ਼ਹੀਦਾਂ ਨੂੰ ਨਤਮਸਤਕ ਹੁੰਦੇ ਹਨ। ਸ੍ਰੀ ਮੁਕਤਸਰ ਸਾਹਿਬ ਦੀ ਧਰਤੀ ਤੇ ਸ਼ਹੀਦੀ ਜਾਮ ਪੀਣ ਵਾਲੇ ਇਹ ਸ਼ਹੀਦ (ਮੁਕਤੇ) ਉਹੀ ਸਿੰਘ ਸਨ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਮੁਗਲਾਂ ਅਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨਾਲ ਮੁਕਾਬਲਾ ਕਰ ਰਹੇ ਹੁੰਦੇ ਹਨ ਤਾਂ ਮੁਗਲਾਂ ਅਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਕਿਲ੍ਹੇ ਦੀ ਘੇਰਾਬੰਦੀ ਕਰ ਲੈਂਦੀਆਂ ਹਨ। ਮੁਗਲਾਂ ਅਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਵਲੋਂ ਕੀਤੀ ਕਿਲ੍ਹੇ ਦੀ ਇਹ ਘੇਰਾਬੰਦੀ ਕਈ ਮਹੀਨੇ ਜਾਰੀ ਰਹਿੰਦੀ ਹੈ ਤਾਂ ਉਸ ਸਮੇਂ ਮਾਝੇ ਦੇ ਸਿੰਘਾਂ ਨੇ ਗੁਰੂ ਜੀ ਨੂੰ ਛੱਡ ਘਰ ਵਾਪਸੀ ਦਾ ਮਨ ਬਣਾ, ਗੁਰੂ ਸਾਹਿਬ ਨੂੰ ਬੇਦਾਵਾ ਲਿਖਕੇ ਘਰਾਂ ਨੂੰ ਵਾਪਸ ਚਲੇ ਜਾਂਦੇ ਹਨ ਪ੍ਰੰਤੂ ਘਰ ਗਿਆਂ ਨੂੰ ਜਦੋਂ ਮਾਈ ਭਾਗੋ ਅਤੇ ਹੋਰਨਾਂ ਨੇ ਲਾਹਨਤਾਂ ਪਾਉਂਦੇ ਹੋਏ ਚੂੜੀਆਂ ਪਾ ਲੈਣ ਦਾ ਮਿਹਣਾ ਦਿੱਤਾ ਤਾਂ ਇਹ ਸਿੰਘ ਗੁਰੂ ਸਾਹਿਬ ਤੋਂ ਮੁਆਫ਼ੀ ਮੰਗ ਕੇ ਭੁੱਲ ਬਖਸ਼ਾਉਣ ਲਈ ਤਿਆਰ ਹੋ ਗਏ। ਦੂਜੇਪਾਸੇ ਗੁਰੂ ਜੀ ਚਮਕੌਰ ਸਾਹਿਬ, ਮਾਛੀਵਾੜਾ ਸਾਹਿਬ, ਆਲਮਗੀਰ, ਰਾਏਕੋਟ, ਦੀਨਾ ਹੁੰਦੇ ਹੋਏ ਜਦੋਂ ਕੋਟਕਪੂਰੇ ਪੁੱਜੇ ਇੱਥੇ ਵੀ ਮੁਗਲ ਫੌਜ ਗੁਰੂ ਜੀ ਦਾ ਪਿੱਛਾ ਕਰ ਪਹੁੰਚ ਗਈ । ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਖਿਦਰਾਨੇ ਦੀ ਢਾਬ ਤੋਂ ਥੋੜ੍ਹਾ ਜਿਹਾ ਅੱਗੇ 'ਜਾ ਬੈਠੇ ਤਾਂ ਜੋ ਉੱਚੀ ਟੀਸੀ ਤੇ ਬੈਠ ਕੇ ਯੋਜਨਾਬੱਧ ਢੰਗ ਨਾਲ ਮੁਗਲ ਫ਼ੌਜਾਂ ਦਾ ਮੁਕਾਬਲਾ ਕੀਤਾ ਜਾ ਸਕੇ। ਮੁਕਤਸਰ ਦਾ ਪੁਰਾਣਾ ਨਾਮ ਖਿਦਰਾਣਾ ਹੁੰਦਾ ਸੀ। ਇੱਥੇ ਹੀ ਜਿਨ੍ਹਾਂ ਸਿੰਘਾ ਨੇ ਗੁਰੂ ਜੀ ਨੂੰ ਅਨੰਦਪੁਰ ਸਾਹਿਬ ਦੀ ਧਰਤੀ ਤੇ ਬੇਦਾਵਾ ਲਿਖਕੇ ਘਰਾਂ ਨੂੰ ਵਾਪਿਸ ਗਏ ਸਨ ਮਾਝੇ ਦੇ ਉਹ ਚਾਲੀ ਸਿੰਘਾਂ ਦਾ ਜੱਥਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭਾਲ ਕਰਦਾ ਹੋਇਆ ਖਿਦਰਾਣੇ ਦੀ ਢਾਬ ਤੇ 'ਆ ਪਹੁੰਚਿਆ ਤੇ ਮੁਗਲ ਫੌਜਾਂ ਵਿਰੁੱਧ ਮੋਰਚਾ ਸੰਭਾਲ ਲਿਆ। ਮਾਈ ਭਾਗੋ ਅਤੇ ਭਾਈ ਮਹਾਂ ਸਿੰਘ ਦੀ ਅਗਵਾਈ ਹੇਠ ਸਿੰਘਾਂ ਨੇ ਦੁਸ਼ਮਣ ਫੌਜ ਤੇ ਹੱਲਾ ਬੋਲ ਦਿੱਤਾ। ਖਿਦਰਾਣੇ ਦੀ ਢਾਬ ਤੋਂ ਗੁਰੂ ਸਾਹਿਬ ਨੇ ਇਹਨਾਂ ਸਿੰਘਾਂ ਨੂੰ ਵੀਰਤਾ ਨਾਲ ਲੜਦਿਆ ਵੇਖਿਆ ਤੇ ਮੁਗਲ ਸੈਨਿਕ ਇਨ੍ਹਾਂ ਸਿੰਘਾ ਅੱਗੇ ਟਿਕ 'ਨਾ ਸਕੇ ਤੇ ਮੁਗਲ ਸੈਨਿਕ ਮੈਦਾਨ ਛੱਡ ਕੇ ਭੱਜ ਗਏ। ਜਦੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਸਿੰਘਾਂ ਨੂੰ ਮਿਲੇ ਤਾਂ ਭਾਈ ਮਹਾਂ ਸਿੰਘ ਨੇ ਅਨੰਦਪੁਰ ਦੀ ਧਰਤੀ ਤੇ ਲਿਖਕੇ ਦਿੱਤਾ ਬੇਦਾਵਾ ਪਾੜ ਦੇਣ ਦੀ ਬੇਨਤੀ ਗੁਰੂ ਸਾਹਿਬ ਨੂੰ ਕੀਤੀ ਤਾਂ ਗੁਰੂ ਸਾਹਿਬ ਨੇ ਭਾਈ ਮਹਾਂ ਸਿੰਘ ਦਾ ਸਿਰ ਆਪਣੀ ਗੋਦ ਵਿੱਚ ਰੱਖ ਬੇਦਾਵਾ ਪਾੜ ਦਿੱਤਾ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹਨਾਂ ਚਾਲੀ ਸਿੰਘਾਂ ਨੂੰ ਬੇਦਾਵੇ ਤੋਂ ਮੁਕਤ ਕਰਕੇ ਟੁੱਟੀ ਸਿੱਖੀ ਨੂੰ ਮੁੜ ਗੰਢਣ ਦਾ ਵਚਨ ਦਿੱਤਾ। ਗੁਰੂ ਸਾਹਿਬ ਨੇ ਆਪਣੇ ਹੱਥੀਂ ਇਹਨਾਂ ਸਿੰਘਾਂ ਦਾ ਦਾਹ-ਸੰਸਕਾਰ ਕੀਤਾ ਅਤੇ ਇਸ ਥਾਂ ਦਾ ਨਾਮ ਮੁਕਤਸਰ ਰੱਖਿਆ। ਹੁਣ ਇਸ ਅਸਥਾਨ ਤੇ ਸਰੋਵਰ ਅਤੇ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਸਥਿਤ ਹੈ। ਬੇਦਾਵੀਏ ਸਿੰਘਾਂ ਦੀ ਗੁਰੂ ਸਾਹਿਬ ਹੱਥੋਂ ਮੁਕਤੀ ਹੋਣ ਦੀ ਗੱਲ ਇਤਿਹਾਸ ਦੇ ਪੰਨਿਆਂ ਤੇ ਇਉਂ ਦਰਜ ਹੈ:

ਖਿਦਰਾਣਾ ਕਰ ਮੁਕਤਸਰ, ਮੁਕਤ ਮੁਕਤ ਸਭ ਕੀਨ।
ਹੋਇ ਸਾਬਤ ਜੂਝੈ ਜਬੈ, ਬਡੋ ਮਰਤਬੋ ਲੀਨ।

ਜਿੱਥੇ ਪੋਹ ਮਾਹ ਦੇ ਆਖਰੀ ਦਿਨ ਲੋਹੜੀ ਹੁੰਦੀ ਹੈ, ਉੱਥੇ ਮਾਘ ਮਾਹ ਦੇ ਪਹਿਲੇ ਦਿਨ ਮਾਘੀ ਮਨਾਈ ਜਾਂਦੀ ਹੈ। ਮਾਘ ਮਾਹ ਦੇ ਇਸ ਪਹਿਲੇ ਦਿਨ ਨੂੰ ਪੰਜਾਬ ਦੇ ਨਾਲ -ਨਾਲ ਭਾਰਤ ਦੇਸ਼ ਦੇ ਕਈ ਸੂਬਿਆਂ 'ਚ ਵੀ ਮਨਾਇਆ ਜਾਦਾਂ ਹੈ ਜਿਵੇਂ: ਤਾਮਿਲਨਾਡੂ 'ਚ ਇਸਨੂੰ ਪੋਂਗਲ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸੇ ਤਰਾਂ ਕਰਨਾਟਕ, ਕੇਰਲ ਤੇ ਆਂਧਰਾ ਪ੍ਰਦੇਸ਼ 'ਚ ਇਸ ਨੂੰ ਸੰਕਰਾਂਤੀ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ ਅਤੇ ਗੋਆ, ਓਡੀਸ਼ਾ, ਹਰਿਆਣਾ, ਬਿਹਾਰ, ਝਾਰਖੰਡ, ਆਂਧਰਾ ਪ੍ਰਦੇਸ਼, ਤੇਲੰਗਾਨਾ, ਕਰਨਾਟਕ, ਕੇਰਲਾ, ਮੱਧ ਪ੍ਰਦੇਸ਼, ਮਹਾਰਾਸ਼ਟਰ, ਰਾਜਸਥਾਨ, ਉੱਤਰ ਪ੍ਰਦੇਸ਼, ਬਿਹਾਰ, ਪੱਛਮੀ ਬੰਗਾਲ ਅਤੇ ਜੰਮੂ ਆਦਿ ਰਾਜਾਂ ਵਿੱਚ ਇਸ ਨੂੰ ਮਕਰ ਸੰਕਰਾਂਤੀ ਕਿਹਾ ਜਾਂਦਾ ਹੈ। ਇਲਾਹਾਬਾਦ ਵਿੱਚ ਗੰਗਾ, ਯਮੁਨਾ ਤੇ ਸਰਸਵਤੀ ਦੇ ਸੰਗਮ 'ਤੇ ਹਰੇਕ ਸਾਲ ਇੱਕ ਮਹੀਨੇ ਤੱਕ ਮਾਘ ਮੇਲਾ ਲੱਗਦਾ ਹੈ, ਜਿਸ ਨੂੰ ਮਾਘ ਮੇਲੇ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ । ਸਮੁੱਚੇ ਉੱਤਰ ਪ੍ਰਦੇਸ਼ ਵਿੱਚ ਇਸ ਤਿਉਹਾਰ ਨੂੰ ਖਿਚੜੀ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ ਅਤੇ ਇਸ ਦਿਨ ਖਿਚੜੀ ਖਾਣ ਅਤੇ ਖਿਚੜੀ ਦਾਨ ਕਰਨ



ਦਾ ਵਧੇਰੇ ਮਹੱਤਵ ਹੁੰਦਾ ਹੈ।ਇਸ ਦਿਨ ਉੜਦ, ਚੌਲ, ਤਿਲ, ਚਿਵੜੇ, ਸਵਰਨ, ਊਨੀ ਵਸਤਾਂ, ਕੰਬਲ ਆਦਿ ਦਾਨ ਕਰਨ ਦੀ ਪਰੰਪਰਾ ਹੈ । ਮਹਾਰਾਸ਼ਟਰ ਵਿੱਚ ਇਸ ਦਿਨ ਸਾਰੀਆਂ ਨਵੀਆਂ ਵਿਆਹੀਆਂ ਔਰਤਾਂ ਆਪਣੀ ਪਹਿਲੀ ਸੰਕ੍ਰਾਂਤੀ 'ਤੇ ਕਪਾਹ, ਤੇਲ ਤੇ ਨਮਕ ਆਦਿ ਚੀਜ਼ਾਂ ਦੂਜੀਆਂ ਸੁਹਾਗਣ ਔਰਤਾਂ ਨੂੰ ਦਾਨ ਕਰਦੀਆਂ ਹਨ।ਮਾਘੀ ਵਾਲੇ ਦਿਨ ਸਿਰਫ ਪੰਜਾਬ ਹੀ ਨਹੀਂ ਸਗੋਂ ਪੂਰੇ ਭਾਰਤ 'ਚ ਹੀ ਲੋਕ ਪਵਿੱਤਰ ਸਰੋਵਰਾਂ, ਝਰਨਿਆਂ, ਨਦੀਆਂ, ਨਹਿਰਾਂ, ਦਰਿਆਵਾਂ, ਝੀਲਾਂ ਵਿਚ ਇਸ਼ਨਾਨ ਕਰ ਕੇ ਮਾਘੀ ਮਨਾਉਂਦੇ ਹਨ ਤੇ ਬਾਰਾਂਮਾਹ 'ਚ ਬਾਬਾ ਬੁੱਲ੍ਹੇ ਸ਼ਾਹ ਜੀ ਦੋਹਰਾ ਲਿਖਦੇ ਹਨ:

**ਮਾਘੀ ਨਹਾਵਣ ਮੈਂ ਚੱਲੀ ਜੋ ਤੀਰਥ ਕਰ ਸਮਿਆਨ।**
**ਗੱਜ ਗੱਜ ਬਰਸੇ ਮੇਘਲਾ ਮੈਂ ਰੋ ਰੋ ਕਰਾਂ ਇਸ਼ਨਾਨ।**
**ਮਾਘ ਮਹੀਨੇ ਗਏ ਉਲਾਂਘ, ਨਵੀਂ ਮੁਹਬਤ ਬਹੁਤੀ ਤਾਂਘ,**
**ਇਸ਼ਕ ਮੁਅੱਜ਼ਨ ਦਿੱਤੀ ਬਾਂਗ, ਪੜ੍ਹਾਂ ਨਮਾਜ਼ ਪੀਆ ਦੀ ਤਾਂਘ,**
**ਦੁਆਈਂ ਕੀ ਕਰਾਂ ।**
**ਆਖਾਂ ਪਿਆਰੇ ਮੈਂ ਵੱਲ ਆ, ਤੇਰੇ ਮੁੱਖ ਵੇਖਣ ਦਾ ਚਾਅ,**
**ਭਾਵੇਂ ਹੋਰ ਤੱਤੀ ਨੂੰ ਤਾਅ, ਬੁੱਲ੍ਹਾ ਸ਼ੌਹ ਨੂੰ ਆਣ ਮਿਲਾ,**
**ਤੇਰੀ ਹੋ ਰਹਾਂ ।੫।**

**ਹਰਮਨਪ੍ਰੀਤ ਸਿੰਘ**



# ਪੰਜਾਬ ਨੂੰ ਮੰਝਧਾਰ ’ਚੋਂ ਕੌਣ ਕੱਢੇ?

ਹਰ ਦਲ ਆਪਣੀ ਜ਼ਮੀਨ ਦੁਬਾਰਾ ਤਲਾਸ਼ਣ ਦੀ ਦੌੜ ਵਿਚ ਹੈ। ਕਿਸੇ ਵੇਲੇ ਅਕਾਲੀ ਦਲ ਨੇ ਖ਼ੁਦ ਨੂੰ ਪੰਜਾਬ ਦੀ ਖੇਤਰੀ ਪਾਰਟੀ ਅਤੇ ਕੌਮੀ ਪਾਰਟੀ ਦੇ ਰੂਪ ਵਿਚ ਉਭਾਰਿਆ ਸੀ। ਅਕਾਲੀ ਦਲ ਦਾ ਜਨਮ ਭ੍ਰਿਸ਼ਟਾਚਾਰੀ ਮਹੰਤਾਂ ਨੂੰ ਗੁਰਧਾਮਾਂ ਵਿਚੋਂ ਕੱਢਣ ਲਈ ਹੋਈ ਸੀ। ‘ਚਾਬੀਆਂ ਦਾ ਮੋਰਚਾ’ ਜਿੱਤਣ ’ਤੇ ਮਹਾਤਮਾ ਗਾਂਧੀ ਨੇ ਅਕਾਲੀਆਂ ਨੂੰ ਮੁਬਾਰਕਬਾਦ ਦਿੰਦਿਆਂ ਲਿਖਿਆ ਸੀ ਕਿ ਆਜ਼ਾਦੀ ਪਹਿਲੀ ਜੰਗ ਜਿੱਤੀ ਗਈ।

ਲੰਬਾ ਸਮਾਂ ਅਕਾਲੀ ਦਲ ਸਿੱਖ ਪੰਥ ਦੀ ਨੁਮਾਇੰਦਗੀ ਕਰਨ ਵਾਲੀ ਪ੍ਰਮੁੱਖ ਸਿਆਸੀ ਤੇ ਧਾਰਮਿਕ ਜਮਾਤ ਰਹੀ। ਸਾਨੂੰ ਯਾਦ ਹੈ ਕਿ ਜਦ ਕਿਸੇ ਵੀ ਦਲ ਦੇ ਨੁਮਾਇੰਦੇ ਵੋਟ ਮੰਗਣ ਲਈ ਆਉਂਦੇ ਸਨ ਤਾਂ ਸਾਡੇ ਮਾਂ-ਬਾਪ ਸਭ ਨੂੰ ਹਾਂ ਕਰਦੇ ਸਨ ਤੇ ਚੰਦਾ ਵੀ ਦਿੰਦੇ ਸਨ ਪਰ ਜਦ ਵੋਟ ਪਾਉਣ ਦਾ ਸਮਾਂ ਆਉਂਦਾ ਸੀ ਤਾਂ ਉਹ ਸਿਰਫ਼ ਤੱਕੜੀ ਨੂੰ ਹੀ ਵੋਟ ਦਿੰਦੇ ਸਨ ਕਿ ਇਹ ਸਾਡੀ ਕੌਮੀ ਪਾਰਟੀ ਹੈ। ਪਰ ਅੱਜ ਅਕਾਲੀ ਦਲ ਵੀ ਕਈ ਕਾਰਨਾਂ ਕਰਕੇ ਹਾਸ਼ੀਏ ਉੱਤੇ ਪਹੁੰਚ ਗਿਆ ਹੈ। ਕਾਂਗਰਸ ਵੀ ਬੁਰੀ ਤਰ੍ਹਾਂ ਖ਼ਤਮ ਹੋਣ ਦੇ ਕਿਨਾਰੇ ਉੱਤੇ ਖੜ੍ਹੀ ਹੈ। ਉਨ੍ਹਾਂ ਦੇ ਆਪਸੀ ਝਗੜੇ ਹੀ ਖ਼ਤਮ ਨਹੀਂ ਹੋ ਰਹੇ। ਭਾਰਤੀ ਜਨਤਾ ਪਾਰਟੀ ਪਹਿਲਾਂ ਹੀ ਕਦੇ ਆਪਣੀ ਪੰਜਾਬ ਵਿਚ ਇਕੱਲਿਆਂ ਜਗ੍ਹਾ ਨਹੀਂ ਬਣਾ ਪਾਈ।

ਇਨ੍ਹਾਂ ਦਲਾਂ ਦੀ ਨਾਕਾਮੀ ਅਤੇ ਆਪਸੀ ਝਗੜਿਆਂ ਦੀ ਬਦੌਲਤ ਆਮ ਆਦਮੀ ਪਾਰਟੀ ਨੂੰ ਲੋਕਾਂ ਨੇ ਮੌਕਾ ਦੇ ਦਿੱਤਾ। ਨਵੇਂ ਹਾਕਮਾਂ ਦੇ ਆਉਣ ਦੇ ਬਾਵਜੂਦ ਪੰਜਾਬ ਦੇ ਸਿਰ ’ਤੇ ਕਰਜ਼ੇ ਦੀ ਪੰਡ ਹਲਕੀ ਹੋਣ ਦੀ ਬਜਾਏ ਹੋਰ ਬੋਝਲ ਹੋ ਰਹੀ ਜਾਪਦੀ ਹੈ। ਇਸ ਵੇਲੇ ਕੋਈ ਵੀ ਰਾਜਨੀਤਕ ਦਲ ਜਾਂ ਉਸ ਦਾ ਮੋਢੀ ਇਸ ਤਰ੍ਹਾਂ ਦਾ ਨਹੀਂ ਜਾਪਦਾ ਜੋ ਪੰਜਾਬ ਦੇ ਮਸਲਿਆਂ ਬਾਰੇ ਸੋਚੇ। ਸਾਰੇ ਦਲਾਂ ਨੂੰ ਆਪੋ-ਧਾਪੀ ਪਈ ਹੋਈ ਹੈ, ਹਰ ਕੋਈ ਆਪਣੀ ਜ਼ਮੀਨ ਤਲਾਸ਼ ਰਿਹਾ ਹੈ।

ਵਿਰੋਧੀ ਧਿਰਾਂ ਵੀ ਆਪਣਾ ਕੰਮ ਠੀਕ ਤਰ੍ਹਾਂ ਨਾਲ ਨਹੀਂ ਕਰ ਪਾ ਰਹੀਆਂ ਕਿਉਂਕਿ ਉਨ੍ਹਾਂ ਦੇ ਵਿਧਾਇਕ ਕਿਸੇ ਨਾ ਕਿਸੇ ਦੋਸ਼ ਦੇ ਸ਼ਿਕਾਰ ਹਨ। ਕਈ ਈਡੀ ਤੋਂ ਡਰੇ ਹੋਏ ਹਨ। ਚੁੱਪ ਰਹਿਣਾ ਸਭ ਦੀ ਮਜਬੂਰੀ ਹੋ ਗਈ ਹੈ। ਨਾ ਹੀ ਮੌਜੂਦਾ ਸਰਕਾਰ ਖ਼ਿਲਾਫ਼ ਬੋਲ ਸਕਦੇ ਹਨ, ਨਾ ਹੀ ਕੇਂਦਰ ਦੀਆਂ ਨੀਤੀਆਂ ਦੇ ਵਿਰੋਧ ਵਿਚ। ਪਿਛਲੇ ਦਿਨਾਂ ਤੋਂ ਕੇਂਦਰੀ ਗ੍ਰਹਿ ਮੰਤਰੀ ਦੇ ਬਿਆਨ ਤੋਂ ਕੌਮ ਅਤੇ ਪੰਜਾਬੀ ਲੋਕ ਪਰੇਸ਼ਾਨ ਹਨ। ਬੇਅਦਬੀ ਦਾ ਮਸਲਾ, ਰੇਤ ਮਾਫ਼ੀਆ ਦਾ ਖ਼ਾਤਮਾ, ਨਸ਼ਿਆਂ ਦਾ ਖ਼ਾਤਮਾ, ਕਿਸਾਨੀ ਮਾਮਲੇ, ਪਾਣੀ ਦੇ ਮਾਮਲੇ ਅਤੇ ਰਿਸ਼ਵਤਖੋਰੀ ਦਾ ਖ਼ਾਤਮਾ ਆਦਿ ਕੋਈ ਵੀ ਮਸਲਾ ਹੱਲ ਨਹੀਂ ਕੀਤਾ, ਸਭ ਉੱਥੇ ਹੀ ਖੜ੍ਹੇ ਹਨ। ਇਹੀ ਨਹੀਂ, 1000 ਰੁਪਏ ਹਰ ਮਹੀਨੇ ਪ੍ਰਤੀ ਔਰਤ ਨੂੰ ਦੇਣ ਦਾ ਲਾਲਚ ਦਿੱਤਾ ਹੋਇਆ ਹੈ।

ਮੁਫ਼ਤ ਬੱਸ ਯਾਤਰਾ, ਮੁਫ਼ਤ ਬਿਜਲੀ ਆਦਿ ਵਿਚ ਉਲਝਾ ਕੇ ਰੱਖਿਆ ਹੋਇਆ ਹੈ। ਅਸਲੀ ਮੁੱਦਿਆਂ ਉੱਤੇ ਕੋਈ ਗੱਲਬਾਤ ਤੱਕ ਨਹੀਂ ਹੋ ਰਹੀ। ਕਿਸੇ ਵੀ ਸ਼ਹਿਰ ਨੂੰ ਇਹ ਗੰਦ ਤੋਂ ਰਹਿਤ ਨਹੀਂ ਕਰਵਾ ਸਕੇ। ਹਰ ਸ਼ਹਿਰ ਦਾ ਬੁਰਾ ਹਾਲ ਹੈ। ਅਧਿਆਪਕ ਤੇ ਕਿਸਾਨ ਵਿਚਾਰੇ ਧਰਨਿਆਂ ਉੱਤੇ ਬੈਠਣ ਲਈ ਮਜਬੂਰ ਰਹਿੰਦੇ ਹਨ। ਬਸ ਸ਼ਰਾਬ ਦੇ ਠੇਕਿਆਂ ਤੋਂ ਟੈਕਸ ਦੀ ਪ੍ਰਾਪਤੀ ਲਈ ਠੇਕਿਆਂ ’ਤੇ ਜ਼ਰੂਰ ਜ਼ੋਰ ਦਿੱਤਾ ਹੈ। ਅੱਜ ਤੱਕ ਜਿਸ ਵੀ ਦਲ ਦੀ ਸਰਕਾਰ ਆਈ ਜਾਂ ਮੌਜੂਦਾ ਸਰਕਾਰ ਨੇ ਸੈਰ-ਸਪਾਟਾ ਉਦਯੋਗ ਵੱਲ ਕੋਈ ਧਿਆਨ ਨਹੀਂ ਦਿੱਤਾ।

ਇਹ ਤਾਂ ਪੰਜਾਬ ਗੁਰੂਆਂ ਦੀ ਧਰਤੀ ਹੈ ਜਿਸ ਕਰਕੇ ਸ਼ਰਧਾਲੂਆ ਦਾ ਆਉਣਾ-ਜਾਣਾ ਹੈ। ਬਸ, ਉਹੀ ਇਸ ਉਦਯੋਗ ਨੂੰ ਬਚਾ ਕੇ ਬੈਠਾ ਹੈ। ਜੇ ਉਸ ਹੈਰੀਟੇਜ ਨੂੰ ਸੰਭਾਲਿਆ ਹੁੰਦਾ ਤਾਂ ਉਹ ਵੀ ਬਾਹਰੋਂ ਲੋਕਾਂ ਨੂੰ ਸੈਰ-ਸਪਾਟੇ ਵਾਸਤੇ ਆਕਰਸ਼ਿਤ ਕਰਦਾ ਜਿਵੇਂ ਕਿ ਰਾਜਸਥਾਨ ਸਰਕਾਰ ਦੀ ਕੁੱਲ ਆਮਦਨ ’ਚ ਸਭ ਤੋਂ ਵੱਡਾ ਹਿੱਸਾ ਸੈਰ-ਸਪਾਟਾ ਉਦਯੋਗ ਤੋਂ ਹੈ। ਨਾ ਹੀ ਸਾਲਾਂ ਤੋਂ ਕੋਈ ਵੱਡਾ ਉਦਯੋਗ ਹੀ ਆਇਆ ਹੈ। ਕਿਸੇ ਵੇਲੇ ਗੋਬਿੰਦਗੜ੍ਹ ਲੋਹੇ ਦੇ ਕਾਰੋਬਾਰ ਕਰਕੇ ਪੂਰੇ ਦੇਸ਼ ’ਚ ਮਸ਼ਹੂਰ ਸੀ ਪਰ ਅੱਜ ਉੱਥੋਂ ਦੇ ਕਾਰੋਬਾਰੀ ਵੀ ਖ਼ੁਸ਼ ਨਹੀਂ ਹਨ। ਹਰ ਚੀਜ਼ ਢਹਿੰਦੀ ਕਲਾ ’ਚ ਹੀ ਹੈ।

ਪੰਜਾਬ ਜੋ ਹਮੇਸ਼ਾ ਅਗਾਂਹਵਧੂ ਸੀ, ਅੱਜ ਗ਼ਲਤ ਨੀਤੀਆਂ ਕਾਰਨ ਪੱਛੜ ਗਿਆ ਹੈ। ਅੱਜ ਪੰਜਾਬ ’ਤੇ ‘ਉੜਤਾ ਪੰਜਾਬ’ ਵਰਗੀਆਂ ਫਿਲਮਾਂ ਬਣਾਈਆਂ ਜਾ ਰਹੀਆਂ ਹਨ। ਪੰਜਾਬ ਨਸ਼ਿਆਂ ਵਿਚ ਡੁੱਬ ਗਿਆ ਹੈ। ਇਹ ਇਕ ਖੇਤੀ ਪ੍ਰਧਾਨ ਸੂਬਾ ਹੈ, ਪਰ ਇੱਥੋਂ ਦੇ ਕਿਸਾਨ ਹੀ ਸਭ ਤੋਂ ਜ਼ਿਆਦਾ ਆਤਮ ਹੱਤਿਆ ਕਰਨ ਲਈ ਮਜਬੂਰ ਹਨ। ਮਹਾਰਾਜਾ ਰਣਜੀਤ ਸਿੰਘ ਦੇ ਵਕਤ ਦੇ ਖ਼ੁਸ਼ਹਾਲ ਪੰਜਾਬ ਦਾ ਇਤਿਹਾਸ ਕੌਣ ਨਹੀਂ ਜਾਣਦਾ।

ਪੰਜਾਬ ਬਹੁਤ ਖ਼ੁਸ਼ਹਾਲ, ਵਿਸ਼ਾਲ, ਹਰਿਆ-ਭਰਿਆ, ਦੌਲਤਮੰਦ, ਬਹਾਦਰੀ ਦੀ ਮਿਸਾਲ ਅਤੇ ਹਰ ਧਰਮ ਦੀ ਬਰਾਬਰੀ ਆਦਿ ਲਈ ਮਕਬੂਲ ਸੀ। ਪੰਜਾਬ ਦੇ ਬਲੀਦਾਨਾਂ ਦਾ ਸੁਨਹਿਰੀ ਇਤਿਹਾਸ ਵੀ ਸਭ ਨੂੰ ਯਾਦ ਹੈ। ਸਰਕਾਰਾਂ ਨੇ ਤਾਂ ਮਿਹਨਤਪ੍ਰਸਤ ਪੰਜਾਬੀਆਂ ਨੂੰ ਮੁਫ਼ਤ ਦੀਆਂ ਚੀਜ਼ਾਂ ਦੇ ਕੇ ਮੁਫ਼ਤਖੋਰ ਬਣਾਉਣ ਦਾ ਬੀਅ ਬੀਜ ਦਿੱਤਾ ਹੈ। ਮਮਤਾ ਬੈਨਰਜੀ ਆਪਣੇ ਸੂਬੇ ’ਚ ਭਾਰਤੀ ਜਨਤਾ ਪਾਰਟੀ ਦੇ ਪੈਰ ਨਹੀਂ ਲੱਗਣ ਦੇ ਰਹੀ।

ਉਸ ਨੇ ਆਪਣੇ ਸੂਬੇ ਵਿਚ ਆਪਣੀ ਭਾਸ਼ਾ ਤੇ ਆਪਣੇ ਸੂਬੇ ਦੇ ਮਸਲਿਆਂ ਨੂੰ ਹੀ ਸਾਂਭ ਕੇ ਆਪਣਾ ਹਥਿਆਰ ਬਣਾਇਆ ਹੈ। ਪੰਜਾਬ ਵਿਚ ਤਾਂ ਆਪਣੀ ਮਾਂ-ਬੋਲੀ ਪੰਜਾਬੀ ਭਾਸ਼ਾ ਨੂੰ ਵੀ ਠੀਕ ਢੰਗ ਨਾਲ ਕੋਈ ਨਹੀਂ ਸੰਭਾਲ ਪਾ ਰਿਹਾ। ਹੈ ਕੋਈ ਬੇਦਾਗ਼ ਲੀਡਰ ਜੋ ਏਨਾ ਸਮਰੱਥ ਹੋਵੇ ਕਿ ਅੱਜ ਦਾ ਸ਼ੇਰ-ਏ-ਪੰਜਾਬ ਦਾ ਖ਼ਿਤਾਬ ਪਾ ਸਕੇ।

ਮਹਾਰਾਜਾ ਰਣਜੀਤ ਸਿੰਘ ਦੇ ਵਕਤ ਦੇ ਖ਼ੁਸ਼ਹਾਲ ਪੰਜਾਬ ਵਾਂਗ ਮੌਜੂਦਾ ਪੰਜਾਬ ਬਣਾ ਸਕੇ। ਪੰਜਾਬ ਵਿਚ ਅਜਿਹੀ ਲੀਡਰਸ਼ਿਪ ਨੂੰ ਉਭਾਰਨ ਦੀ ਜ਼ਰੂਰਤ ਹੈ ਜੋ ਪੰਜਾਬ ਦੇ ਹਰ ਨੌਜਵਾਨ ਨੂੰ ਰੁਜ਼ਗਾਰ ਦੇ ਸਕੇ, ਖ਼ੁਸ਼ਹਾਲ ਪੰਜਾਬ ਬਣਾ ਸਕੇ, ਕਿਸਾਨਾਂ ਨੂੰ ਆਤਮ-ਹੱਤਿਆ ਕਰਨ ਦੀ ਮਜਬੂਰੀ ਤੋਂ ਮੁਕਤ ਕਰ ਸਕੇ, ਖੁੱਲ੍ਹਾ ਸਰਹੱਦੀ ਵਪਾਰ ਕਰਵਾ ਸਕੇ, ਹਰ ਧਰਮ ਨੂੰ ਮਹਿਫੂਜ਼ ਹੋਣ ਦਾ ਅਹਿਸਾਸ ਕਰਵਾ ਸਕੇ ਤੇ ਪੰਜਾਬੀ ਭਾਸ਼ਾ ਨੂੰ ਸਭ ਤੋਂ ਉੱਪਰਲਾ ਦਰਜਾ ਦਿਵਾ ਸਕੇ।

ਪੰਜਾਬ ਆਪਣੇ ਨਵੇਂ ਨਿਡਰ ਦਲ ਦੀ ਉਡੀਕ ਵਿੱਚ ਦੁਬਾਰਾ। ਪਤਾ ਨਹੀਂ ਇਸ ਉਡੀਕ ਨੂੰ ਕੌਣ ਖਤਮ ਕਰੇਗਾ?

## ਬੀ.ਸੀ. ਲੋਅਰ ਮੇਨਲੈਂਡ ਟਰਾਂਜ਼ਿਟ ਕਾਮਿਆਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਹੜਤਾਲ ਦਾ ਨੋਟਿਸ ਜਾਰੀ



ਸਰੀ:ਬੀ. ਸੀ. ਵਿੱਚ 180 ਤੋਂ ਵੱਧ ਟਰਾਂਜ਼ਿਟ ਵਰਕਰਾਂ ਦੀ ਨੁਮਾਇੰਦਗੀ ਕਰਨ ਵਾਲੀ ਇੱਕ ਯੂਨੀਅਨ ਨੇ ਆਪਣੀਆਂ ਮੰਗਾਂ ਨੂੰ ਲੈ ਕੇ 72 ਘੰਟੇ ਦੀ ਹੜਤਾਲ ਦਾ ਨੋਟਿਸ ਜਾਰੀ ਕੀਤਾ ਹੈ। ਸੀ.ਯੂ.ਪੀ.ਈ. ਲੋਕਲ 4500 ਕੋਸਟ ਮਾਉਂਟੇਨ ਬੱਸ ਕੰਪਨੀ ਦੁਆਰਾ ਨਿਯੁਕਤ ਕਰਮਚਾਰੀਆਂ ਦੀ ਨੁਮਾਇੰਦਗੀ ਕਰਦੀ ਹੈ, ਜੋ ਸਾਰੇ ਮੈਟਰੋ ਵੈਨਕੂਵਰ ਲਈ ਆਵਾਜਾਈ ਦਾ ਪ੍ਰਬੰਧ ਵੀ ਸੰਭਾਲਦੀ ਹੈ।ਨੋਟਿਸ ਬੁੱਧਵਾਰ ਨੂੰ ਸਵੇਰੇ 8 ਵਜੇ ਜਾਰੀ ਕੀਤਾ ਗਿਆ। ਯੂਨੀਅਨ ਦਾ ਕਹਿਣਾ ਹੈ ਕਿ ਇਹ ਅਜੇ ਵੀ ਸਮਾਂ ਹੈ ਜੇਕਰ ਸਮਝੌਤੇ ‘ਤੇ ਗੱਲਬਾਤ ਹੁੰਦੀ ਹੈ ਅਤੇ ਗੱਲ ਸਿਰੇ ਚੜ੍ਹ ਜਾਂਦੀ ਹੈ ਤਾਂ ਹੜ੍ਹਤਾਲ ਕਾਰਨ ਹੋਣ ਵਾਲੀਆਂ ਪ੍ਰੇਸ਼ਾਨੀਆਂ ਅਤੇ ਰੁਕਾਵਟਾਂ ਤੋਂ ਬਚਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇਕਟ ਸਾਡੀਆਂ ਮੰਗਾਂ ‘ਤੇ ਧਿਆਨ ਨਹੀਂ ਦਿੱਤਾ ਗਿਆ ਤਾਂ ਸ਼ਨੀਵਾਰ ਨੂੰ ਸਵੇਰੇ 8 ਵਜੇ ਤੋਂ ਹੜ੍ਹਤਾਲ ਸ਼ੁਰੂ ਕਰ ਦਿੱਤੀ ਜਾਵੇਗੀ ਜਿਸ ਨਾਲ ਕੋਸਟ ਮਾਉਂਟੇਨ ਸਿਸਟਮ ਵਿੱਚ ਸਾਰੇ ਕਾਰਜਾਂ ਪ੍ਰਭਾਵਤ ਹੋਣਗੇ ਅਤੇ ਲੋਕਾਂ ਨੂੰ ਵੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਯੂਨੀਅਨ ਦਾ ਕਹਿਣਾ ਹੈ ਕਿ ਆਖਰੀ ਸਮੂਹਿਕ ਸਮਝੌਤੇ ਦੀ ਮਿਆਦ 2022 ਦੇ ਅੰਤ ਵਿੱਚ ਖਤਮ ਹੋ ਗਈ ਸੀ ਅਤੇ ਇਸ ਪਿਛਲੇ ਅਕਤੂਬਰ ਤੱਕ ਸੌਦੇਬਾਜ਼ੀ ਸ਼ੁਰੂ ਨਹੀਂ ਹੋਈ ਅਤੇ ਨਾ ਹੀ ਇਸ ਬਾਬਤ ਹੋਈ ਕੋਈ ਗੱਲਬਾਤ ਕਰਨ ਦੀ ਤਰੀਕ ਮਿਥੀ ਗਈ। ਜ਼ਿਕਰਯੋਗ ਹੈ ਕਿ ਯੂਨੀਅਨ ਦੇ ਮੈਂਬਰਾਂ ਨੇ ਪਿਛਲੇ ਮਹੀਨੇ ਹੜਤਾਲ ਦੇ ਆਦੇਸ਼ ਦੇ ਹੱਕ ਵਿੱਚ 100 ਪ੍ਰਤੀਸ਼ਤ ਵੋਟ ਦਿੱਤੀ। ਕੋਸਟ ਮਾਉਂਟੇਨ ਬੱਸ ਕੰਪਨੀ ਦੇ ਪ੍ਰਧਾਨ ਅਤੇ ਜਨਰਲ ਮੈਨੇਜਰ ਮਾਈਕਲ ਮੈਕਡੈਨੀਅਲ ਨੇ ਇੱਕ ਬਿਆਨ ਵਿੱਚ ਕਿਹਾ ਕਿ ਕੰਪਨੀ ਨੇ ਸੀ.ਯੂ.ਪੀ.ਈ. ਲੋਕਲ 4500 ਨੂੰ ਉਹੀ ਮੂਲ ਤਨਖਾਹ ਵਾਧੇ ਦੀ ਪੇਸ਼ਕਸ਼ ਕੀਤੀ ਹੈ ਜਿਸ ਨੂੰ ਪਹਿਲਾਂ ਹੀ ਬਾਕੀ ਸਾਰੇ ਕਰਮਚਾਰੀਆਂ ਦੁਆਰਾ ਸਹਿਮਤੀ ਦਿੱਤੀ ਗਈ ਸੀ।



## ਅਮਰੀਕਾ ਦੇ ਰੱਖਿਆ ਮੰਤਰੀ ਨੂੰ ਕੈਂਸਰ

ਨਿਊਯਾਰਕ:ਅਮਰੀਕਾ ਦੇ ਰੱਖਿਆ ਮੰਤਰੀ ਲੋਇਡ ਜੇ. ਆਸਟਿਨ ਨੂੰ ਗਦੂਦਾਂ ਦਾ ਕੈਂਸਰ ਸੀ ਅਤੇ ਪਿਛਲੇ ਮਹੀਨੇ ਉਨ੍ਹਾਂ ਦਾ ਅਪਰੇਸ਼ਨ ਹੋਇਆ ਹੈ। ਇਹ ਜਾਣਕਾਰੀ ਰਾਸ਼ਟਰਪਤੀ ਜੋਅ ਬਾਇਡਨ ਨੂੰ ਨਹੀਂ ਦਿੱਤੀ ਗਈ ਸੀ। ਵਾਲਟਰ ਰੀਡ ਨੈਸ਼ਨਲ ਮਿਲਟਰੀ ਮੈਡੀਕਲ ਸੈਂਟਰ ਦੇ ਟਰੌਮਾ ਮੈਡੀਕਲ ਡਾਇਰੈਕਟਰ ਨੇ ਬਿਆਨ ਵਿੱਚ ਕਿਹਾ ਕਿ ਆਸਟਿਨ ਨੂੰ ਪਿਛਲੇ ਮਹੀਨੇ ਦੇ ਸ਼ੁਰੂ ਵਿੱਚ ਕੈਂਸਰ ਦਾ ਪਤਾ ਲੱਗਿਆ ਸੀ। 70 ਸਾਲਾ ਆਸਟਿਨ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ ਜਿੱਥੇ ਉਨ੍ਹਾਂ ਦਾ ਡਾਕਟਰੀ ਟੀਮ ਨਾਲ ਸਲਾਹ ਮਸ਼ਵਰੇ ਤੋਂ ਬਾਅਦ 22 ਦਸੰਬਰ 2023 ਨੂੰ ਸਰਜਰੀ ਹੋਈ ਸੀ।

UNIVERSAL TENT RENTAL LTD.

PARTY RENTALS
• Chair Rentals
• Tables Rentals
• Audio/Visual
• Linens Rentals
• BBQ'S Rentals
• Portable Bar
• Carpet
• Dance Floor
• Lighting
• Decor & More.






Call today to book your special event
Jaswinder (Jessie) Thandi
Ph: 604.951.2905
Cell: 604.825.8588

Wedding, Anniversary, Birthday Party or Any other Occasion
ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ

NOW HIRING
Email: info@universaltent.ca www.universaltent.ca

UNIVERSAL BUILDING MAINTENANCE LTD.
Since 1987




*RESIDENTIAL *COMMERCIAL *INDUSTRIAL

• Pressure Washing
• Carpet Cleaning
• Driveway Washing & Sealing
• Gutter Cleaning
• Floor Cleaning
• Waxing & Sealing
• New House Cleaning

Fast & Quality Service Reasonable Rates

Call Jaswinder (Jessie) Thandi
Cell: 604-377-2641
Bus: 604-951-2909
Website:www.universalbuildingmaintenance.ca
Email:universalbuildingmaintenance01@gmail.com

# DREAM BANQUET HALL

Birthday, Wedding, Reception, anniversary, Jago, Kitty Parties, Graduation, Seminars, Fund Raising, Business Meeting, Corporate Events




Dream Catering "Your Venue, Our Food"

We provide various Menu Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ, ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

For Bookings, Contact: 604-203-7272

7236 -120St, Surrey, BC Email:info@dreambanquethall.ca

www.deltondentures.com

# DELTON DENTURE CLINIC LTD.

Denturists Are Denture Specialist

ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ

- Complete Dentures
- Immediate Dentures
- Partial Dentures
- Dentures Over Implants
- Same Day Relines
- Repairs, Soft Linings
- Sport Guards

ਅਸੀਂ ਦੰਦ ਬਣਾਉਣ 'ਚ ਮਾਹਿਰ ਹਾਂ

CONSUMER CHOICE AWARD 2018 VANCOUVER

Business Category Denturist

WE ARE DENTURISTS

ਅਸੀਂ ਜੁਬਾੜੇ ਬਣਾਉਂਦੇ ਹਾਂ

*Get a Beautiful Smile*





**Chris Kozakiewicz**

**BSc., R.D.**

Mon-Fri: 9am-5pm, Saturdays By Appointment

**Scott 72 Shopping Centre**

#209- 7313-120th St., Delta ( Above London Drugs & Staples )

**604.590.1111**

ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

## 30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



*12 ਜਨਵਰੀ ਦਿਨ ਸ਼ੁੱਕਰਵਾਰ ਆਰੰਭ ਅਖੰਡਪਾਠ ਸਾਹਿਬ ਸਮੂਹ ਸੰਗਤ A & P Fruit Growers ਐਬਟਸਫੋਰਡ ਵੱਲੋਂ

*13 ਜਨਵਰੀ ਦਿਨ ਸ਼ਨਿਚਰਵਾਰ ਅੰਤਿਮ ਅਰਦਾਸ ਮਾਸਟਰ ਸ. ਹਰਬਖਸ਼ ਸਿੰਘ ਵਿਰਕ ਪਿੰਡ ਡਾਗੀਆਂ ਨਮਿਤ ਮੇਨ ਹਾਲ ਵਿਚ ਸਵੇਰੇ 11 ਵਜੇ

*13 ਜਨਵਰੀ ਦਿਨ ਸ਼ਨਿਚਰਵਾਰ ਸ਼ਾਮ ਦੇ ਲੰਗਰ ਅਰਸ਼ਦੀਪ ਸਿੰਘ ਸੇਖੋਂ ਅਤੇ ਸਮੂਹ ਪਰਿਵਾਰ ਵੱਲੋਂ

*14 ਜਨਵਰੀ ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਸਮੂਹ ਸੰਗਤ A & P Fruit Growers ਐਬਟਸਫੋਰਡ ਵੱਲੋਂ

*14 ਜਨਵਰੀ ਦਿਨ ਐਤਵਾਰ ਪਾਠ ਸ੍ਰੀ ਸੁਖਮਨੀ ਸਾਹਿਬ ਜਤਿੰਦਰ ਕੌਰ ਪਰਿਵਾਰ ਵੱਲੋਂ ਸਵੇਰੇ 11 ਵਜੇ

*14 ਜਨਵਰੀ ਦਿਨ ਐਤਵਾਰ ਅੰਤਿਮ ਅਰਦਾਸ ਸ. ਅਮਰੀਕ ਸਿੰਘ ਉੱਪਲ ਨਮਿਤ ਮੇਨ ਹਾਲ ਵਿਚ ਸਵੇਰੇ 11 ਤੋਂ 12.30 ਵਜੇ ਤੱਕ

*14 ਜਨਵਰੀ ਦਿਨ ਐਤਵਾਰ ਸ਼ਾਮ ਦੇ ਲੰਗਰਾਂ ਦੀ ਸੇਵਾ ਕਾਕਾ ਖੁਸ਼ਦੀਪ ਸਿੰਘ ਖਹਿਰ ਅਤੇ ਸਮੂਹ ਪਰਿਵਾਰ ਵੱਲੋਂ

15 ਜਨਵਰੀ ਦਿਨ ਸੋਮਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮੇਨ ਹਾਲ ਵਿਚ ਜਿਹਨਾਂ ਦੇ ਭੋਗ
17 ਜਨਵਰੀ ਦਿਨ ਬੁੱਧਵਾਰ ਨੂੰ ਸਵੇਰੇ 9 ਵਜੇ ਪੈਣਗੇ, ਵੱਲੋਂ ਸਮੂਹ ਸੰਗਤ ਕਲਗੀਧਰ ਦਰਬਾਰ
ਸਾਹਿਬ ਸੁਸਾਇਟੀ ਅਤੇ ਪ੍ਰਬੰਧਕ ਕਮੇਟੀ

## ਅੰਮ੍ਰਿਤ ਸੰਚਾਰ

ਗੁਰਦੁਆਰਾ ਕਲਗੀਧਰ ਦਰਬਾਰ ਸਾਹਿਬ ਵਿਖੇ 13 ਜਨਵਰੀ ਦਿਨ ਸ਼ਨਿਚਰਵਾਰ ਨੂੰ ਸਵੇਰੇ 6 ਵਜੇ ਅੰਮ੍ਰਿਤ ਸੰਚਾਰ ਹੋਵੇਗਾ। ਸਮੂਹ ਅੰਮ੍ਰਿਤ ਅਭਿਲਾਸ਼ੀ ਆਪਣੇ ਨਾਮ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ ਨੂੰ ਦਰਜ ਕਰਵਾਉਣ।

## ਸਵੇਰ ਦੇ ਨਿਤਨੇਮ

*ਪ੍ਰਕਾਸ਼ ਸਵੇਰੇ 3.30 ਵਜੇ *ਸਿਮਰਨ ਸਵੇਰੇ 4 ਵਜੇ ਤੋਂ 5 ਵਜੇ ਤੱਕ
*5 ਬਾਣੀਆਂ ਦੇ ਨਿਤਨੇਮ 5 ਵਜੇ ਤੋਂ 6.30 ਵਜੇ ਤੱਕ
*ਕੀਰਤਨ ਆਸਾ ਦੀ ਵਾਰ 6.30 ਤੋਂ 8 ਵਜੇ ਤੱਕ
*ਕਥਾ 8 ਵਜੇ ਤੋਂ 9 ਵਜੇ ਤੱਕ ਉਪਰੰਤ ਅਰਦਾਸ ਅਤੇ ਸਮਾਪਤੀ

## ਸ਼ਾਮ ਦੇ ਨਿਤਨੇਮ

*ਸ਼ਬਦ ਕੀਰਤਨ 2.45 ਤੋਂ 3.45 ਤੱਕ *ਸੋ-ਦਰ ਚੌਂਕੀ 3.45 ਤੋਂ 4.45 ਤੱਕ
*ਪਾਠ ਸ੍ਰੀ ਰਹਿਰਾਸ ਸਾਹਿਬ ਅਤੇ ਅਰਦਾਸ 4.45 ਤੋਂ 5.30
*ਆਰਤੀ ਚੌਂਕੀ 5.30 ਤੋਂ 6.15 *ਕਥਾ 6.15 ਤੋਂ 6.50 ਵਜੇ ਤੱਕ
*ਢਾਡੀ 6.50 ਤੋਂ 7.40 ਤੱਕ ਉਪਰੰਤ ਅਰਦਾਸ ਅਤੇ ਸਮਾਪਤੀ

## ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ:ਭਾਈ ਗੁਰਇੰਦਰ ਸਿੰਘ ਜ਼ੀਰਾ ਵਾਲਿਆਂ ਦਾ ਜਥਾ, ਭਾਈ ਅਵਤਾਰ ਸਿੰਘ ਲੁਧਿਆਣਾ ਵਾਲੇ,
ਭਾਈ ਨਿਰਮਲ ਸਿੰਘ ਸੰਗਰੂਰ ਵਾਲੇ, ਢਾਡੀ ਜਥਾ:ਭਾਈ ਮਨਪ੍ਰੀਤ ਸਿੰਘ ਅਕਾਲਗੜ



ਹਾਜਰੀ ਭਰ ਰਿਹਾ ਢਾਡੀ ਜਥਾ

## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

## ਗੁਰਦੁਆਰਾ ਸਾਹਿਬ:604-504-5530

ਬਲਵੀਰ ਸਿੰਘ ਬਨਵੈਤ (ਪ੍ਰਧਾਨ):604-636-4247, ਮਨਜੀਤ ਸਿੰਘ ਗਰੇਵਾਲ (ਜਨਰਲ ਸੈਕਟਰੀ):778-908-1570
ਭਾਈ ਹਰਜੀਤ ਸਿੰਘ (ਹੈੱਡ ਗ੍ਰੰਥੀ):778-201-5310, ਭਾਈ ਬਲਵਿੰਦਰ ਸਿੰਘ ਭੌਰਲਾ (ਗ੍ਰੰਥੀ), ਭਾਈ ਹੁਸ਼ਿਆਰ ਸਿੰਘ (ਗ੍ਰੰਥੀ)

# OZLA FURNITURE

## ALL KINDS OF DESIGNER, MODERN AND CUSTOM FURNITURE































*CUSTOM BEDROOM SUITES
*BOX BEDS *HEADBOARDS
*DRESSERS *CHESTS
*MIRROR *SIDE TABLES

## MADE IN CANADA

ਅਸੀਂ ਆਪਣੀ ਫੈਕਟਰੀ ਵਿਚ ਆਪਣਾ ਸਾਰਾ ਸਮਾਨ ਵਧੀਆ ਕੁਆਲਿਟੀ ਦਾ ਬਣਾਉਂਦੇ ਹਾਂ।
ਅਸੀਂ ਆਪ ਮੈਨੂਫੈਕਚੁਅਰ ਹਾਂ।ਸਾਡੀ ਫਰਨੀਚਰ ਕੁਆਲਿਟੀ ਨੂੰ ਕੋਈ ਬੀਟ ਨਹੀਂ ਕਰ ਸਕਦਾ।

Business Hours:
Mon-Fri 6am to 2pm
Saturday/Sunday:Closed

# 604-372-2122

Email:info@ozla.ca

#109-18669 52 AVE SURREY, BC

www.ozla.ca

# SHADEED BHAI MEWA SINGH
## FIRE SAFETY SEARCH RESCUE SOCIETY



ਆਪ ਜੀ ਦੀ ਸੇਵਾ ਵਿੱਚ ਸਮਿਨਰ ਬੇਨਤੀ ਹੈ ਕਿ
ਸ਼ਹੀਦ ਭਾਈ ਮੇਵਾ ਸਿੰਘ ਜੀ ਦੀ ਪਹਿਚਾਨ ਨੂੰ
ਕਨੇਡੀਅਨ ਸੁਸਾਇਟੀ ਵਿੱਚ ਅਮਰ ਕਰਨ ਲਈ
ਇੱਕ ਫਾਇਰ ਟਰੱਕ ਖਰੀਦਿਆ ਜਾਣਾ ਹੈ, ਇਸ ਲਈ
ਆਪ ਜੀ ਇਸ ਸੇਵਾ ਵਿੱਚ ਵੱਧ ਤੋਂ ਵੱਧ ਆਪਣੀ
ਮਾਇਆ ਸਫਲ ਕਰਕੇ ਸ਼ਹੀਦ ਭਾਈ ਮੇਵਾ ਸਿੰਘ ਜੀ
ਦੀ ਪਹਿਚਾਨ ਨੂੰ ਕਨੇਡਾ ਦੇ ਆਮ ਵਸਨੀਕਾਂ ਤੱਕ
ਪਹੁੰਚਾਣ ਦਾ ਹਿੱਸਾ ਬਣੋ ਜੀ।

**We have to buy A Fire Truck for Shaheed Bhai Mewa Singh Fire Safety Search Rescue Society. So please donate as much as possible !**

+1 604 712 9879(SUKHI)

## ਸ਼ਹੀਦ ਭਾਈ ਮੇਵਾ ਸਿੰਘ ਜੀ ਦੀ ਸਾਲਾਨਾ ਯਾਦ ਵਿੱਚ

ਸਵ. ਭਾਈ ਭਰਪੂਰ ਸਿੰਘ ਸੇਖੋਂ ਦੇ ਸਪੁੱਤਰ ਭਾਈ ਤੇਜਵਿੰਦਰ ਸਿੰਘ ਜੀ ਸੇਖੋਂ ਦੇ ਪਰਿਵਾਰ ਵਲੋਂ
ਗੁਰਦੁਆਰਾ ਸਾਹਿਬ ਸੁਖ ਸਾਗਰ ਨਿਊ ਵੈਸਟਮਿਨਸਟਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਜਾ ਰਹੇ ਹਨ।

### ਪ੍ਰੋਗਰਾਮਾਂ ਦਾ ਵੇਰਵਾ

- ਅਰੰਭਤਾ ਸ੍ਰੀ ਅਖੰਡ ਪਾਠ ਸਾਹਿਬ : 12 ਜਨਵਰੀ ਦਿਨ ਸ਼ੁੱਕਰਵਾਰ ਸਵੇਰੇ 9.00 ਵਜੇ
- ਸੰਪੂਰਨਤਾ ਸ੍ਰੀ ਅਖੰਡ ਪਾਠ ਸਾਹਿਬ : 14 ਜਨਵਰੀ ਦਿਨ ਐਤਵਾਰ ਸਵੇਰੇ 9.00 ਵਜੇ

ਉਪਰੰਤ ਦੁਪਹਿਰ 12.30 ਵਜੇ ਤੱਕ ਦੀਵਾਨ ਸਜਨਗੇ।
ਆਪ ਜੀ ਨੇ ਪਰਿਵਾਰਾਂ ਸਮੇਤ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ ਜੀ।

from late Bhai Bharpur Singh ji Sekhon, Bhai Tejvinder Singh Sekhon family

## In the Yearly Sweet Memory of Shaheed Bhai Mewa Singh ji

- Commencement of Siri Akhand Path Sahib : 12 Jan. 2024 (Fri) at 9.00 a.m.
- Conclusion of Siri Akhand Path Sahib : 14th Jan. 2024 (Sun) at 9.00 a.m.

Program will be performed upto 12.30 a.m.
at Gurdwara Sahib Sukh Sagar, 347 wood street, New Westminster BC V3M 5K6

**From Sekhon Noteries : 604 503 1313, 604 503 5013**

# ਵਿਦੇਸ਼ਾਂ 'ਚ ਵਸਦੇ ਸਿੱਖਾਂ ਵੱਲੋਂ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਪੰਥ 'ਚੋਂ ਛੇਕਣ ਦੀ ਮੰਗ

ਅਮਰੀਕੀ ਸਿੱਖਾਂ ਦੀ ਨੁਮਾਇੰਗੀ ਕਰਨ ਵਾਲੀਆਂ ਦੋ ਸਿਰਮੌਰ ਸਿੱਖ ਜਥੇਬੰਦੀਆਂ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਐਸ.ਸੀ.ਸੀ.ਈ.ਸੀ.) ਅਤੇ ਅਮਰੀਕਨ ਗੁਰਦਵਾਰਾ ਪ੍ਰਬੰਧਕ ਕਮੇਟੀ (ਏ.ਜੀ.ਪੀ.ਸੀ.) ਨੇ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ 'ਗ਼ੈਰ-ਕਾਨੂੰਨੀ ਕਤਲ' 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਜਥੇਦਾਰ ਕਾਉਂਕੇ ਦੇ ਪੁਲਿਸ ਹਿਰਾਸਤ ਵਿਚ ਹੋਏ ਤਸ਼ੱਦਦ ਤੇ ਕਤਲ ਬਾਰੇ ਹਾਲ ਹੀ ਵਿਚ ਸਾਹਮਣੇ ਆਈ 'ਤਿਵਾੜੀ ਰਿਪੋਰਟ' ਵਿਚ ਵਿਸਥਾਰ ਨਾਲ ਦਸਿਆ ਗਿਆ ਹੈ।

ਐਸਸੀਸੀਈਸੀ ਦੇ ਕੋਆਰਡੀਨੇਟਰ ਹਿੰਮਤ ਸਿੰਘ, ਏਜੀਪੀਸੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਅਤੇ ਮੀਡੀਆ ਸਪੋਕਸਮੈਨ ਹਰਜਿੰਦਰ ਸਿੰਘ ਵਲੋਂ 'ਰੋਜ਼ਾਨਾ ਸਪੋਕਸਮੈਨ' ਨੂੰ ਈਮੇਲ ਰਾਹੀਂ ਭੇਜੇ ਗਏ ਪ੍ਰੈਸ ਨੋਟ ਮੁਤਾਬਕ 'ਸਰਬੱਤ-ਖ਼ਾਲਸਾ' ਦੁਆਰਾ ਥਾਪੇ ਗਏ ਅਕਾਲ ਤਖ਼ਤ ਦੇ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਅਗ਼ਵਾ, ਤਸ਼ੱਦਦ ਅਤੇ ਘਿਨਾਉਣੇ ਕਤਲ 'ਤੇ ਉਸ ਸਮੇਂ ਦੇ ਏਡੀਜੀਪੀ-ਸੁਰੱਖਿਆ ਪੰਜਾਬ ਬੀ.ਐਨ. ਤਿਵਾੜੀ ਵਲੋਂ ਪੇਸ਼ ਕੀਤੀ ਗਈ ਰਿਪੋਰਟ ਹੁਣ 24 ਸਾਲਾਂ ਬਾਅਦ ਪੰਜਾਬ ਮਨੁੱਖੀ ਅਧਿਕਾਰ ਸੰਗਠਨ (ਪੀ.ਐਚ.ਆਰ.ਓ.) ਦੇ ਯਤਨਾਂ ਨਾਲ ਹਾਲ ਹੀ 'ਚ ਜਨਤਕ ਕੀਤੀ ਗਈ ਸੀ। ਇਹ ਰਿਪੋਰਟ ਅਸਲ ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਾਲ 1999 ਵਿਚ ਸੌਂਪੀ ਗਈ ਸੀ, ਜਿਨ੍ਹਾਂ ਨੇ ਕਦੇ ਵੀ ਇਸ ਨੂੰ ਜਨਤਕ ਨਹੀਂ ਕੀਤਾ ਅਤੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਕੋਈ ਕਾਰਵਾਈ ਨਹੀਂ ਕੀਤੀ। ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦਾ ਕਤਲ ਬੇਅੰਤ ਸਿੰਘ ਮੁੱਖ ਮੰਤਰੀ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਸਮੇਂ ਹੋਇਆ। ਸਮੇਂ-ਸਮੇਂ 'ਤੇ ਪੰਜਾਬ ਵਿਚ ਸੱਤਾ 'ਚ ਰਹੀਆਂ ਕਾਂਗਰਸ, ਬਾਦਲ ਸਮੇਤ ਹੋਰ ਸਰਕਾਰਾਂ ਹਮੇਸ਼ਾ ਕੇਂਦਰ ਦੇ ਇਸ਼ਾਰਿਆਂ 'ਤੇ ਭਾਰਤੀ ਸਟੇਟ ਦੇ ਹੱਥ-ਠੋਕੇ ਬਣ ਕੇ ਸਿੱਖਾਂ ਦਾ ਘਾਣ ਕਰਨ 'ਚ ਕਦੇ ਪਿੱਛੇ ਨਹੀਂ ਰਹੀਆਂ।

ਵਿਦੇਸ਼ਾਂ 'ਚ ਵਸਦੇ ਸਿੱਖ ਡਾਇਸਪੋਰਾ ਦੀ ਤਰਫ਼ੋਂ ਅਤੇ ਲੀਡਰਸ਼ਿਪ ਨੇ ਸਿੱਖ ਪੰਥ ਨੂੰ ਕਾਰਵਾਈ ਕਰਨ ਲਈ ਕਿਹਾ ਹੈ। ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਦੁਨੀਆਂ ਭਰ ਵਿਚ ਵਸਦੇ ਕਰੋੜਾਂ ਸਿੱਖਾਂ ਦਾ ਮੁਖੀ ਹੁੰਦਾ ਹੈ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕਾਉਂਕੇ ਦਾ ਨਾਜਾਇਜ਼ ਹਿਰਾਸਤੀ ਕਤਲ 30 ਸਾਲਾਂ ਤੋਂ ਲੈ ਕੇ ਬਾਦਲਾਂ ਵਲੋਂ ਲੁਕਾਇਆ ਗਿਆ ਘਿਨਾਉਣਾ ਅਪਰਾਧ ਸੀ। ਤਿਵਾੜੀ ਰਿਪੋਰਟ ਜਾਰੀ ਹੋਣ ਨਾਲ ਆਖ਼ਰਕਾਰ ਇਸ ਕਤਲ ਦੀ ਸੱਚਾਈ ਸਾਹਮਣੇ ਆ ਗਈ ਹੈ। ਇਹ ਸਪੱਸ਼ਟ ਹੈ ਕਿ ਬਾਦਲ ਇਸ ਵਿਚ ਇਕ ਮੁੱਖ ਦੋਸ਼ੀ ਧਿਰ ਹਨ, ਜਿਨ੍ਹਾਂ ਨੇ ਇਸ ਅਪਰਾਧ ਨੂੰ ਉਕਸਾਇਆ ਅਤੇ ਇਸ 'ਤੇ ਪਰਦਾ ਪਾਇਆ ਹੈ। ਇਸ ਲਈ 2015 ਵਿਚ ਹੋਏ ਸਰਬੱਤ-ਖ਼ਾਲਸਾ ਨੇ ਪ੍ਰਕਾਸ਼ ਸਿੰਘ ਬਾਦਲ ਤੋਂ 'ਪੰਥ ਰਤਨ' ਅਤੇ 'ਫ਼ਖ਼ਰ-ਏ-ਕੌਮ' ਐਵਾਰਡ ਵਾਪਸ ਲੈ ਲਿਆ ਸੀ।

ਉਕਤ ਜਥੇਬੰਦੀਆਂ ਦੀ ਅਗਵਾਈ ਕਰ ਰਹੇ ਚਿੰਤਕਾਂ ਨੇ ਮੰਗ ਕੀਤੀ ਕਿ ਸੁਖਬੀਰ ਸਿੰਘ ਬਾਦਲ 'ਤੇ ਮੁਕੱਦਮਾ ਚਲਾਇਆ ਜਾਵੇ ਜਿਸ ਨੇ ਪੰਜਾਬ ਦੇ ਗ੍ਰਹਿ ਮੰਤਰੀ ਵਜੋਂ ਦਹਾਕਿਆਂ ਤਕ ਤਿਵਾੜੀ ਰਿਪੋਰਟ 'ਤੇ ਪਰਦਾ ਪਾਇਆ ਅਤੇ ਸੁਖਬੀਰ ਸਿੰਘ ਬਾਦਲ ਨੂੰ ਅਕਾਲੀ-ਦਲ ਦੀ ਪ੍ਰਧਾਨਗੀ ਤੋਂ ਹਟਾਇਆ ਜਾਵੇ। ਜਥੇਦਾਰ ਕਾਉਂਕੇ ਨੂੰ ਤਸੀਹੇ ਦੇਣ ਅਤੇ ਕਤਲ ਕਰਨ ਦਾ ਹੁਕਮ ਦੇਣ ਵਾਲੇ ਸੁਮੇਧ ਸੈਣੀ 'ਤੇ ਮੁਕੱਦਮਾ ਚਲਾਇਆ ਜਾਵੇ ਜਿਸ ਨੇ ਅਪਣੇ ਅਧੀਨ ਐਸਐਸਪੀ ਸਵਰਨ ਸਿੰਘ ਘੋਟਣਾ ਅਤੇ ਐਸਐਚਓ ਗੁਰਮੀਤ ਸਿੰਘ ਰਾਹੀਂ ਇਹ ਅਪਰਾਧ ਕੀਤਾ।

ਜਥੇਦਾਰ ਕਾਉਂਕੇ ਨੂੰ ਅਗ਼ਵਾ ਕਰਨ, ਤਸ਼ੱਦਦ ਕਰਨ ਅਤੇ ਕਤਲ ਕਰਨ ਲਈ ਹੁਣ ਡੀ.ਐਸ.ਪੀ. ਗੁਰਮੀਤ ਸਿੰਘ 'ਤੇ ਮੁਕੱਦਮਾ ਚਲਾਇਆ ਜਾਵੇ। ਸਵਰਨ ਸਿੰਘ ਘੋਟਣਾ ਦੇ ਭੋਗ 'ਤੇ ਜ਼ਬਰਦਸਤੀ ਰਾਗੀ ਜਥਾ ਭੇਜਣ ਲਈ ਸਾਬਕਾ ਜਥੇਦਾਰ ਗੁਰਬਚਨ ਸਿੰਘ ਨੂੰ ਪੰਥ 'ਚੋਂ ਛੇਕਣ ਦੀ ਵੀ ਮੰਗ ਕੀਤੀ ਗਈ ਹੈ।

# ਪੰਜਾਬੀ ਵਿਦਿਆਰਥੀਆਂ ਦਾ ਸੰਘਰਸ਼ ਸਫਲ



ਜਗਰਾਉਂ:ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚੋਂ ਬਰੈਂਪਟਨ (ਕੈਨੇਡਾ) ਪੜ੍ਹਾਈ ਲਈ ਗਏ ਵਿਦਿਆਰਥੀਆਂ ਦੇ ਅਲਗੋਮਾ ਯੂਨੀਵਰਸਿਟੀ ਖ਼ਿਲਾਫ਼ ਚੱਲ ਰਹੇ ਸੰਘਰਸ਼ ਨੂੰ ਛੇਵੇਂ ਦਿਨ ਬੂਰ ਪੈ ਗਿਆ ਹੈ। ਸੰਘਰਸ਼ ਵਿੱਚ ਸ਼ਾਮਲ ਵਿਦਿਆਰਥੀਆਂ ਮੁਤਾਬਕ ਯੂਨੀਵਰਸਿਟੀ 132 ਵਿੱਚੋਂ ਸੌ ਵਿਦਿਆਰਥੀਆਂ ਨੂੰ ਪਾਸ ਕਰਨ 'ਤੇ ਸਹਿਮਤ ਹੋ ਗਈ ਹੈ। ਬਾਕੀ ਰਹਿੰਦੇ 32 ਵਿਦਿਆਰਥੀਆਂ ਬਾਰੇ ਸ਼ੁੱਕਰਵਾਰ ਤੱਕ ਫ਼ੈਸਲਾ ਹੋਵੇਗਾ। ਇਨ੍ਹਾਂ ਵਿੱਚੋਂ ਕੁਝ ਵਿਦਿਆਰਥੀਆਂ ਨੇ ਪੜ੍ਹਾਈ ਵਿੱਚ ਘੱਟ ਤੇ ਕੰਮ ਵਿੱਚ ਵਧੇਰੇ ਦਿਲਚਸਪੀ ਦਿਖਾਈ। ਇਨ੍ਹਾਂ ਵਿੱਚੋਂ ਕਈਆਂ ਨੂੰ ਮੁੜ ਪੇਪਰ ਦੇਣ ਦਾ ਮੌਕਾ ਮਿਲ ਸਕਦਾ ਹੈ ਪਰ ਆਖ਼ਰੀ ਫ਼ੈਸਲਾ ਸ਼ੁੱਕਰਵਾਰ ਨੂੰ ਹੋਵੇਗਾ। ਵਿਦਿਆਰਥੀ ਆਗੂ ਮਨਦੀਪ ਸਿੰਘ ਸੱਦੋਵਾਲ, ਮਨਪ੍ਰੀਤ ਕੌਰ ਲੌਂਗੋਵਾਲ, ਹਰਿੰਦਰ ਮਹਿਰੋਕ ਤੇ ਖੁਸ਼ਪਾਲ ਗਰੇਵਾਲ ਨੇ ਸੰਘਰਸ਼ ਵਿੱਚ ਸਾਥ ਦੇਣ ਵਾਲੇ ਵਿਦਿਆਰਥੀਆਂ, ਪੰਜਾਬੀਆਂ ਅਤੇ ਹੋਰ ਲੋਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਸੰਘਰਸ਼ ਦੀ ਜਿੱਤ ਹੋ ਗਈ ਹੈ ਪਰ ਇਹ ਅਧੂਰੀ ਹੈ ਜਿਸ ਕਰਕੇ ਸ਼ੁੱਕਰਵਾਰ ਨੂੰ ਅੰਤਿਮ ਫ਼ੈਸਲਾ ਆਉਣ ਤੱਕ ਸੰਘਰਸ਼ ਨੂੰ ਜਾਰੀ ਰੱਖਿਆ ਜਾਵੇਗਾ। ਉਸ ਦਿਨ ਸਹਿਮਤੀ ਬਣਨ ਅਤੇ ਸਮਝੌਤਾ ਸਿਰੇ ਚੜ੍ਹਨ 'ਤੇ ਜੇਤੂ ਰੈਲੀ ਕਰਕੇ ਸੰਘਰਸ਼ ਦੀ ਸਮਾਪਤੀ ਹੋਵੇਗੀ। ਵਿਦਿਆਰਥੀ ਪਿਛਲੇ ਛੇ ਦਿਨ ਤੋਂ ਕੜਾਕੇ ਦੀ ਠੰਢ ਵਿੱਚ ਧਰਨੇ 'ਤੇ ਡਟੇ ਹੋਏ ਹਨ। ਇਨ੍ਹਾਂ ਵਿਦਿਆਰਥੀ ਆਗੂਆਂ ਅਤੇ ਮਾਂਟਰੀਅਲ ਯੂਥ ਸਟੂਡੈਂਟਸ ਆਰਗੇਨਾਈਜੇਸ਼ਨ ਵੱਲੋਂ ਵਰੁਣ ਖੰਨਾ ਨੇ ਦੋਸ਼ ਲਾਇਆ ਸੀ ਕਿ ਯੂਨੀਵਰਸਿਟੀ ਨੇ ਜਾਣਬੁੱਝ ਕੇ ਵੱਡੀ ਗਿਣਤੀ ਵਿਦਿਆਰਥੀਆਂ ਨੂੰ ਫੇਲ੍ਹ ਕੀਤਾ ਤਾਂ ਜੋ ਮੁੜ ਫ਼ੀਸਾਂ ਉਗਰਾਹੀਆਂ ਜਾ ਸਕਣ। ਇਸ ਸਬੰਧ ਵਿੱਚ ਕੈਨੇਡਾ ਦੇ ਸਾਰੇ ਸੰਸਦ ਮੈਂਬਰਾਂ ਨੂੰ ਈਮੇਲ ਕਰਕੇ ਹਮਾਇਤ ਮੰਗੀ ਗਈ ਸੀ। ਵਿਦਿਆਰਥੀਆਂ ਦਾ ਦੋਸ਼ ਹੈ ਕਿ ਆਈਟੀ ਦੇ ਗਰੈਜੂਏਸ਼ਨ ਕੋਰਸ ਵਾਲੇ ਵਿਦਿਆਰਥੀਆਂ ਨੂੰ 'ਸਾਜ਼ਿਸ਼ੀ' ਢੰਗ ਨਾਲ ਜਾਣਬੁੱਝ ਕੇ ਵੱਡੀ ਗਿਣਤੀ ਵਿੱਚ ਫੇਲ੍ਹ ਕਰ ਦਿੱਤਾ ਗਿਆ।

# ਮਨੀਪੁਰ ਸਰਕਾਰ ਨੇ 'ਭਾਰਤ ਜੋੜੋ ਨਿਆਏ ਯਾਤਰਾ' ਦੀ ਇਜਾਜ਼ਤ ਨਹੀਂ ਦਿੱਤੀ:ਕਾਂਗਰਸ



ਨਵੀਂ ਦਿੱਲੀ:ਕਾਂਗਰਸ ਨੇ ਅੱਜ ਕਿਹਾ ਹੈ ਕਿ ਮਨੀਪੁਰ ਸਰਕਾਰ ਨੇ ਇੰਫਾਲ ਦੇ ਪੈਲੇਸ ਮੈਦਾਨ ਤੋਂ 'ਭਾਰਤ ਜੋੜੋ ਨਿਆਏ ਯਾਤਰਾ' ਸ਼ੁਰੂ ਕਰਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਦੇ ਬਾਵਜੂਦ ਪਾਰਟੀ ਮਨੀਪੁਰ ਤੋਂ ਭਾਰਤ ਜੋੜੋ ਨਿਆਏ ਯਾਤਰਾ ਸ਼ੁਰੂ ਕਰਨ ਲਈ ਦ੍ਰਿੜ ਹੈ ਤੇ ਇਸ ਲਈ ਇੰਫਾਲ ਵਿੱਚ ਕਿਸੇ ਹੋਰ ਸਥਾਨ ਤੋਂ ਇਸ ਨੂੰ ਸ਼ੁਰੂ ਕਰਨ ਲਈ ਇਜਾਜ਼ਤ ਮੰਗੀ ਹੈ।ਪਾਰਟੀ ਦੇ ਸੰਗਠਨ ਜਨਰਲ ਸਕੱਤਰ ਕੇਸੀ ਵੇਣੂਗੋਪਾਲ, ਜਿਨ੍ਹਾਂ ਨੇ ਹਾਲ ਹੀ ਵਿੱਚ ਮਨੀਪੁਰ ਅਤੇ ਅਸਾਮ ਦਾ ਦੌਰਾ ਕੀਤਾ ਸੀ, ਨੇ ਕਿਹਾ, 'ਅਸੀਂ ਦੇਖਿਆ ਹੈ ਕਿ ਇਸ ਯਾਤਰਾ ਲਈ ਹੇਠਲੇ ਪੱਧਰ 'ਤੇ ਜਬਰਦਸਤ ਮਾਹੌਲ ਹੈ। ਭਾਰਤ ਜੋੜੋ ਯਾਤਰਾ ਦੀ ਤਰ੍ਹਾਂ ਇਹ ਯਾਤਰਾ ਵੀ ਬਹੁਤ ਸਫਲ ਹੋਵੇਗੀ। ਇਹ ਦੌਰਾ ਦੇਸ਼ ਅਤੇ ਕਾਂਗਰਸ ਲਈ ਇਤਿਹਾਸਕ ਹੈ। ਅਸੀਂ ਦੇਸ਼ ਲਈ ਨਿਆਂ ਦੀ ਮੰਗ ਕਰ ਰਹੇ ਹਾਂ।'' ਕਾਂਗਰਸ ਨੇਤਾ ਰਾਹੁਲ ਗਾਂਧੀ ਦੀ ਅਗਵਾਈ 'ਚ 'ਭਾਰਤ ਜੋੜੋ ਨਿਆਏ ਯਾਤਰਾ' 14 ਜਨਵਰੀ ਨੂੰ ਇੰਫਾਲ ਤੋਂ ਸ਼ੁਰੂ ਹੋਣ ਵਾਲੀ ਹੈ ਅਤੇ 20 ਮਾਰਚ ਨੂੰ ਮੁੰਬਈ 'ਚ ਸਮਾਪਤ ਹੋਵੇਗੀ।




TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

ਦੇਗ ਤੇਗ ਫਤਿਹ — ਪੰਥ ਕੀ ਜੀਤ

www.akalisinghgurdwara.ca

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬੀਬੀ ਬਲਦੇਵ ਕੌਰ ਸੁਪਤਨੀ ਭਾਈ ਲਿਹਮਬਰ ਸਿੰਘ ਘੱਗ ਦੇ ਪਰਿਵਾਰ ਭਾਈ ਕਸ਼ਮੀਰ ਸਿੰਘ ਤੇ ਬੀਬੀ ਜਸਵੀਰ ਕੌਰ ਘਗ ਵਲੋਂ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ, ਪਰਿਵਾਰ ਦੀ ਚੜ੍ਹਦੀ ਕਲਾ ਲਈ ਅਤੇ ਲੋਹੜੀ ਦੀ ਖੁਸ਼ੀ ਵਿਚ ਸ੍ਰੀ ਅਖੰਡ ਪਾਠ ਸਾਹਿਬ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਜਾ ਰਹੇ ਹਨ।
ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂਘਰ ਪਹੁੰਚ ਕੇ ਹਾਜ਼ਰੀਆਂ ਭਰ ਕੇ ਗੁਰੂਘਰ ਤੋਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ
ਅਰੰਭ ਸ੍ਰੀ ਅਖੰਡ ਪਾਠ ਸਾਹਿਬ - 12 ਜਨਵਰੀ 2024, ਦਿਨ ਸ਼ੁੱਕਰਵਾਰ ਸਵੇਰੇ 10:00 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ- 14 ਜਨਵਰੀ 2024, ਦਿਨ ਐਤਵਾਰ ਸਵੇਰੇ 9:30 ਵਜੇ

ਭੋਗ ਉਪਰੰਤ ਗੁਰੂਘਰ ਦੇ ਮਹਾਨ ਕੀਰਤਨੀ ਜਥੇ ਗੁਰਬਾਣੀ ਕੀਰਤਨ ਅਤੇ ਗਿਆਨੀ ਸਾਹਿਬਾਨ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੋਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਗੁਰੂਘਰ ਪਹੁੰਚ ਕੇ ਸੇਵਾ ਵਿਚ ਹੱਥ ਵਟਾ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ।

12 ਜਨਵਰੀ, ਦਿਨ ਸ਼ੁੱਕਰਵਾਰ......ਸਵੇਰੇ 10:00 ਵਜੇ ਘੱਗ ਪਰਿਵਾਰ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਹਨਾਂ ਦੇ ਭੋਗ 14 ਜਨਵਰੀ ਦਿਨ ਐਤਵਾਰ ਸਵੇਰੇ 9:30 ਵਜੇ ਪਾਏ ਜਾਣਗੇ।
12 ਜਨਵਰੀ, ਦਿਨ ਸ਼ੁੱਕਰਵਾਰ......ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਲੰਗਰ ਦੀ ਸੇਵਾ ਭਾਈ ਸੁਰਜੀਤ ਸਿੰਘ ਹੇਅਰ ਅਤੇ ਪਰਿਵਾਰ ਵਲੋਂ ਹੋਵੇਗੀ।
12 ਜਨਵਰੀ, ਦਿਨ ਸ਼ੁੱਕਰਵਾਰ......ਸ਼ਾਮ ਨੂੰ ਨੰਬਰ 2 ਦਰਬਾਰ ਹਾਲ ਲੰਗਰ ਦੀ ਸੇਵਾ ਭਾਈ ਤਰਲੋਚਨ ਸਿੰਘ ਪਰਹਾਰ ਅਤੇ ਪਰਿਵਾਰ ਵਲੋਂ ਹੋਵੇਗੀ।
13 ਜਨਵਰੀ, ਦਿਨ ਸ਼ਨਿੱਚਰਵਾਰ....ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਭੁਪਿੰਦਰ ਸਿੰਘ ਜਸਵਾਲ ਅਤੇ ਪਰਿਵਾਰ ਵਲੋਂ ਹੋਵੇਗੀ।
13 ਜਨਵਰੀ, ਦਿਨ ਸ਼ਨਿੱਚਰਵਾਰ....ਲੋਹੜੀ ਦੇ ਦਿਨ ਸ਼ਾਮ ਨੂੰ ਸ਼ਰਧਾਲੂ ਪਰਿਵਾਰਾਂ ਵਲੋਂ ਲੰਗਰ ਦੀ ਸੇਵਾ ਹੋਵੇਗੀ ਤੇ ਧੂਣੀ ਵੀ ਬਾਲੀ ਜਾਵੇਗੀ।
14 ਜਨਵਰੀ, ਦਿਨ ਐਤਵਾਰ.......ਸੰਗਰਾਂਦ ਦਾ ਦਿਹਾੜਾ ਹੈ।
14 ਜਨਵਰੀ, ਦਿਨ ਐਤਵਾਰ.......ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਸੁਰਿੰਦਰ ਸਿੰਘ ਸੰਘਾ ਅਤੇ ਪਰਿਵਾਰ ਵਲੋਂ ਹੋਵੇਗੀ।
19 ਜਨਵਰੀ, ਦਿਨ ਸ਼ੁੱਕਰਵਾਰ......ਸਵੇਰ ਨੂੰ 10:00 ਵਜੇ ਬੀਬੀ ਬਲਬੀਰ ਕੌਰ ਸੰਧੂ ਅਤੇ ਪਰਿਵਾਰ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਹਨਾਂ ਦੇ ਭੋਗ 21 ਜਨਵਰੀ ਦਿਨ ਐਤਵਾਰ ਸਵੇਰੇ 9:30 ਵਜੇ ਪਾਏ ਜਾਣਗੇ।
20 ਜਨਵਰੀ, ਦਿਨ ਸ਼ਨਿੱਚਰਵਾਰ...ਸ਼ਾਮ ਨੂੰ ਲੰਗਰ ਦੀ ਸੇਵਾ ਬੀਬੀ ਮੋਹਿੰਦਰ ਕੌਰ ਸਹੋਤਾ ਅਤੇ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ — ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਇੱਕ ਦਰਵੇਸ਼ ਸਿੱਖ ਆਗੂ ਦੀ ਸ਼ਹਾਦਤ

ਪੰਜਾਬ ਦੀ ਧਰਤੀ ਉਪਰ ਵੱਸਦੇ ਸਿੱਖਾਂ ਨੂੰ ਸਦਾ ਹੀ ਹਕੂਮਤਾਂ ਦੇ ਜ਼ਬਰ ਦਾ ਸਾਹਮਣਾ ਕਰਨਾ ਪਿਆ ਹੈ। ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਹਿੰਦੂਸਤਾਨ ਦੀ ਧਰਤ ਉਪਰ ਲੋਧੀ ਵੰਸ਼ ਦੀ ਸਮਾਪਤੀ ਤੋਂ ਬਾਅਦ ਮੁਗ਼ਲ ਸਾਮਰਾਜ ਆਪਣੀ ਸਿਖਰ ਤੱਕ ਪਹੁੰਚਦਾ ਹੈ।

ਦੂਜੇ ਪਾਸੇ ਪਹਾੜੀ ਰਾਜਿਆਂ ਦਾ ਪਹਾੜੀ ਇਲਾਕਿਆਂ ਵਿੱਚ ਪ੍ਰਭਾਵ ਰਿਹਾ। ਇਨ੍ਹਾਂ ਹਕੂਮਤਾਂ ਦੀ ਗੁਰੂ ਸਾਹਿਬਾਨ ਅਤੇ ਸਿੱਖਾਂ ਦੇ ਨਾਲ ਤਕੜੀ ਟੱਕਰ ਰਹੀ। ਬਹੁਤ ਥੋੜ੍ਹਾ ਸਮਾਂ ਸਿੱਖ ਅਜ਼ਾਦੀ ਮਾਣ ਸਕੇ ਅਤੇ ਦੁਬਾਰਾ ਤੋਂ ਅੰਗਰੇਜ਼ਾਂ ਦੇ ਜ਼ੁਲਮਾਂ ਦਾ ਸ਼ਿਕਾਰ ਹੋਣ ਲੱਗੇ। ਇਨ੍ਹਾਂ ਹਕੂਮਤਾਂ ਦੌਰਾਨ ਸਿੱਖਾਂ ਦੀਆਂ ਸ਼ਹੀਦੀਆਂ ਨੂੰ ਬਹੁਤੀ ਲੋਕਾਈ ਕਿਸੇ ਮਾੜੇ ਸਮੇਂ ਦੇ ਬੀਤਣ ਵਾਂਗ ਯਾਦ ਕਰਦੀ ਹੈ, ਮੁਗਲ ਹਕੂਮਤ ਅਤੇ ਅੰਗਰੇਜੀ ਸਰਕਾਰ ਨੂੰ ਬੇਗਾਨੇ ਲੋਕਾਂ ਦੀ ਸਰਕਾਰ ਅਤੇ ਉਨ੍ਹਾਂ ਦੁਆਰਾ ਸਿੱਖਾਂ ਉਪਰ ਢਾਹੇ ਜੁਲਮਾਂ ਨੂੰ ਬੀਤੇ ਚੁੱਕੇ ਸਮੇਂ ਦੇ ਇਤਿਹਾਸ ਵਜੋਂ ਜਾਣਦੀ ਹੈ। 1947 ਪਿੱਛੋਂ ਹਿੰਦੁਸਤਾਨ ਅੰਦਰ ਨਵਾਂ ਹਕੂਮਤੀ ਪ੍ਰਬੰਧ ਹੋਂਦ ਵਿਚ ਆਉਂਦਾ ਹੈ, ਜਿਸਨੂੰ ਸਿੱਖ ਜਗਤ ਵਲੋਂ ਵੀ ਦੇਸੀ ਪ੍ਰਬੰਧ ਜਾਣਕੇ ਸਿੱਖਾਂ ਦਾ ਹਾਮੀ ਜਾਣਿਆ ਗਿਆ। ਭਾਵੇਂ ਕਿ ਸਿੱਖ ਜਗਤ ਦੀ ਕਈ ਨੁਕਤਿਆਂ ਉਪਰ ਦਿੱਲੀ ਹਕੂਮਤ ਨਾਲ ਨੋਕ ਝੋਕ ਚੱਲਦੀ ਰਹੀ। ਸੰਨ 1984 ਤੋਂ ਬਾਅਦ ਸਿੱਖਾਂ ਦੇ ਵੱਡੇ ਹਿੱਸੇ ਨੇ ਇਸ ਗੱਲ ਨੂੰ ਸਮਝ ਲਿਆ ਕਿ ਪਹਿਲਾਂ ਦੀਆਂ ਅਤੇ ਹੁਣ ਦੀਆਂ ਹਕੂਮਤਾਂ ਦੀ ਨੀਤੀ ਵਿਚ ਸਿੱਖਾਂ ਲਈ ਕੁਝ ਵੀ ਵੱਖਰਾਪਣ ਨਹੀਂ ਸੀ। 1984 ਤੋਂ ਬਾਅਦ ਸਿੱਖਾਂ ਨੇ ਪੁਰਾਣੇ ਸਮੇਂ ਦਾ ਇਤਿਹਾਸ ਫੇਰ ਤੋਂ ਜਿਉਂਦਾ ਕੀਤਾ।

ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਵੱਡੀ ਸੰਸਥਾ ਹੈ, ਇਥੋਂ ਦਾ ਰੁਤਬਾ ਹਿੰਦੁਸਤਾਨ ਹੀ ਨਹੀਂ, ਦੁਨੀਆਂ ਭਰ ਵਿੱਚ ਸਿੱਖ ਸ਼ਕਤੀ ਦੇ ਇੱਕ ਕੇਂਦਰ ਵਜੋਂ ਜਾਣਿਆ ਜਾਂਦਾ ਹੈ। ਇਥੋਂ ਦੇ ਜਥੇਦਾਰਾਂ ਨੂੰ ਪੂਰੀ ਦੁਨੀਆਂ ਵਿਚ ਵੱਸਦੇ ਸਿੱਖਾਂ ਦਾ ਨੁਮਾਇੰਦਾ ਮੰਨਿਆ ਜਾਂਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਲਈ ਪ੍ਰਭੂਤਾ ਦੀ ਪ੍ਰਤੀਕ ਸੰਸਥਾ ਹੈ। ਹਕੂਮਤਾਂ ਨੇ ਸਦਾ ਹੀ ਇਸਨੂੰ ਆਪਣੀ ਹੋਂਦ ਲਈ ਖਤਰਾ ਮੰਨਿਆ ਹੈ। 1984 ਵਿਚ ਦਿੱਲੀ ਦਰਬਾਰ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਸਿੱਧੇ ਰੂਪ ਵਿੱਚ ਹਮਲਾਵਰ ਹੁੰਦਾ ਹੈ, 1984 ਤੋਂ ਬਾਅਦ ਦਿੱਲੀ ਵਲੋਂ ਆਪਣੀ ਪਸੰਦ ਦੇ ਜਥੇਦਾਰ ਲਗਾ ਕੇ ਸਿੱਖਾਂ ਦੇ ਫੈਸਲੇ ਬਦਲਣ ਦੀ ਕੋਸ਼ਿਸ ਕੀਤੀ ਜਾਂਦੀ ਰਹੀ। ਜਦੋਂ ਕਦੇ ਦਿੱਲੀ ਦਾ ਜ਼ੋਰ ਨਾ ਚੱਲ ਸਕਿਆ ਅਤੇ ਸਿੱਖ ਜਗਤ ਨੂੰ ਖਾਲਸਾਈ ਰਵਾਇਤਾਂ ਵਾਲਾ ਜਥੇਦਾਰ ਚੁਨਣ ਦਾ ਮੌਕਾ ਮਿਲਿਆ ਤਾਂ ਦਿੱਲੀ ਨੇ ਉਸ ਜਥੇਦਾਰ ਨੂੰ ਵੀ ਹਜ਼ਾਰਾਂ ਹੋਰ ਸਿੱਖ ਨੌਜਵਾਨਾਂ ਦੀ ਤਰ੍ਹਾਂ ਸ਼ਹੀਦ ਕਰ ਦਿੱਤਾ। ਲੁਧਿਆਣਾ ਨੇੜਲੇ ਪਿੰਡ ਕਾਉਂਕੇ ਦੇ ਜਥੇਦਾਰ ਭਾਈ ਗੁਰਦੇਵ ਸਿੰਘ ਉਨ੍ਹਾਂ ਵਿੱਚ ਇੱਕ ਸਨ, ਜਿਹੜੇ ਸਿੱਖ ਰਹੁ ਰੀਤਾਂ ਦੀ ਪੂਰੀ ਤਰ੍ਹਾਂ ਤਰਜ਼ਮਾਨੀ ਕਰਦੇ ਸਨ। ਉਨ੍ਹਾਂ ਨੂੰ ਸੰਨ 1986 ਵਿੱਚ ਹੋਏ ਸਰਬੱਤ ਖਾਲਸਾ ਸਮਾਗਮ ਵਿੱਚ ਜਸਬੀਰ ਸਿੰਘ ਰੋਡੇ ਵਲੋਂ ਆਪਣੀ ਥਾਂ ਤੇ ਕਾਰਜਕਾਰੀ ਜਥੇਦਾਰ ਲਗਾਇਆ ਗਿਆ ਸੀ। ਭਾਈ ਗੁਰਦੇਵ ਸਿੰਘ ਕਾਉਂਕੇ ਜੀ ਨੇ ਜਥੇਦਾਰੀ ਦੀ ਜਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਬਾਹਿਆ। ਸਿੱਖ ਜਗਤ ਲਈ ਇਮਾਨਦਾਰੀ ਨਾਲ ਜਿੰਮੇਵਾਰੀ ਨਿਭਾਉਂਦਿਆਂ ਉਨ੍ਹਾਂ ਨੂੰ ਦਿੱਲੀ ਹਕੂਮਤ ਕਦੋਂ ਜਰ ਸਕਦੀ ਸੀ, ਜਦੋਂ ਕਿ ਉਸਨੇ ਤਾਂ ਸਿੱਖਾਂ ਦੇ ਅਜਿਹੇ ਆਗੂਆਂ ਨੂੰ ਮਾਨਤਾ ਦਿੱਤੀ ਹੋਈ ਸੀ, ਜਿਹੜੇ ਦਿੱਲੀ ਨਾਲ ਪੂਰੀ ਇਮਾਨਦਾਰੀ ਰੱਖਦੇ ਸਨ ਅਤੇ ਸਿੱਖ ਜਗਤ ਦੇ ਭਲੇ ਲਈ ਦਿੱਲੀ ਦਰਬਾਰ ਦੀ ਸਹਿਮਤੀ ਨਾਲ ਹੀ ਕੋਈ ਕਦਮ ਤੁਰਦੇ ਸਨ। ਇਸ ਵੰਗਾਰ ਨੂੰ ਖਤਮ ਕਰਨ ਲਈ ਦਿੱਲੀ ਦਰਬਾਰ ਨੇ ਪੰਜਾਬ ਵਿਚਲੇ ਜਾਲਮ ਅਫਸਰਾਂ ਨੂੰ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਅਤੇ ਫੇਰ ਸ਼ਹੀਦ ਕਰਨ ਦੇ ਅਣਲਿਖਤੀ ਫੁਰਮਾਨ ਜਾਰੀ ਕਰ ਦਿੱਤੇ। 25 ਦਸੰਬਰ 1992 ਨੂੰ ਭਾਈ ਗੁਰਦੇਵ ਸਿੰਘ ਨੂੰ ਪਿੰਡ ਦੇ ਸਾਹਮਣੇ ਗ੍ਰਿਫਤਾਰ ਕਰਨ ਤੋਂ ਬਾਅਦ ਉਨ੍ਹਾਂ ਨੂੰ ਤਸੀਹਾ ਕੇਂਦਰ ਵਿੱਚ ਲਿਜਾਇਆ ਜਾਂਦਾ ਹੈ। ਇੱਕ ਪਾਸੇ ਸਾਹਿਬਜ਼ਾਦਿਆਂ ਅਤੇ ਅਨੇਕ ਸਿੰਘਾਂ ਸਿੰਘਣੀਆਂ ਦੇ ਸ਼ਹੀਦੀ ਦਿਨ ਚੱਲ ਰਹੇ ਸਨ, ਦੂਜੇ ਪਾਸੇ ਭਾਈ ਗੁਰਦੇਵ ਸਿੰਘ 20ਵੀਂ ਸਦੀ ਵਿੱਚ ਜ਼ੁਲਮਾਂ ਨੂੰ ਸਿਦਕ ਨਾਲ ਸਹਿੰਦੇ ਹੋਏ ਲੋਕਾਈ ਨੂੰ ਦੱਸ ਰਹੇ ਸਨ ਕਿ ਉਹ ਅਤੇ ਉਨ੍ਹਾਂ ਦੇ ਸਾਥੀ 18ਵੀਂ ਸਦੀ ਦੇ ਮਹਾਨ ਸਿੱਖ ਸੰਘਰਸ਼ ਦੇ ਵਾਰਿਸ ਹਨ, ਨਾਲ ਹੀ ਜ਼ਾਲਮਾਂ ਨੂੰ ਵੀ ਸਾਬਤ ਕਰ ਰਹੇ ਸਨ ਕਿ ਮੁਗਲਾਂ ਦੇ ਵਾਰਿਸ ਅੱਜ ਨਹੀਂ ਤਾਂ ਕੱਲ ਮਹਾਨ ਸੱਚ ਦੇ ਸਾਹਮਣੇ ਹਾਰ ਜਾਣਗੇ। ਸਮਾਂ ਬਦਲਣ ਨਾਲ ਜ਼ਾਲਮਾਂ ਨੇ ਜ਼ੁਲਮ ਕਰਨ ਦੇ ਤਰੀਕੇ ਭਾਵੇਂ ਬਦਲ ਲਏ ਸਨ, ਚਰਖੜੀਆਂ, ਰੰਬੀਆਂ ਅਤੇ ਆਰਿਆਂ ਦੀ ਥਾਂ ਭਾਈ ਗੁਰਦੇਵ ਸਿੰਘ ਨੂੰ ਅੱਤ ਦੀ ਠੰਡ ਵਿੱਚ ਬਿਨਾਂ ਕੱਪੜਿਆਂ ਦੇ ਪੁੱਠਾ ਲਮਕਾ ਕੇ ਸੋਟੀਆਂ ਨਾਲ ਹੱਡ ਹੱਡ ਤੋੜ ਦਿੱਤਾ ਗਿਆ, ਬਿਜਲੀ ਦੇ ਝਟਕੇ, ਅੱਖਾਂ ਕੱਢ ਦੇਣ ਤੋਂ ਬਾਅਦ, ਸ਼ਹੀਦ ਦਾ ਬੇਜਾਨ ਪਿਆ ਪਵਿੱਤਰ ਸਰੀਰ ਵੀ ਜ਼ਾਲਮਾਂ ਨੇ ਦਾਹ ਦੇ ਨਾਲ ਛੋਟੇ ਛੋਟੇ ਟੁਕੜਿਆਂ ਵਿੱਚ ਵੱਢ ਦਿੱਤਾ। ਭਾਈ ਸਾਹਿਬ ਸੁਰਤ ਵਿੱਚ ਬਾਣੀ ਪੜ੍ਹਦਿਆਂ ਭਾਣਾ ਮੰਨਦੇ ਰਹੇ, ਜਦਕਿ ਜ਼ਾਲਮਾਂ ਦੀ ਜੀਭ ਉਪਰ ਮਾੜੇ ਕੁਬੋਲ ਅਤੇ ਗਾਲਾਂ ਸਨ। ਸਤਿਗੁਰਾਂ ਦੀ ਬਾਣੀ ਪੜ੍ਹਦਿਆਂ ਭਾਈ ਸਾਹਿਬ ਜੀ ਸਤਿਗੁਰਾਂ ਦੇ ਚਰਨਾਂ ਵਿਚ ਜਾ ਬਿਰਾਜੇ, ਦੂਸਰੇ ਪਾਸੇ ਜ਼ਾਲਮ ਨਰਕ ਭੋਗਣ ਦੇ ਅਧਿਕਾਰੀ ਬਣ ਗਏ। ਭਾਈ ਗੁਰਦੇਵ ਸਿੰਘ ਗੁਰਸਿੱਖੀ ਜੀਵਨ ਜਿਉਣ ਵਾਲੇ, ਨਾਲ ਹੀ ਸੁਭਾਅ ਦੇ ਬਹੁਤ ਨਿਮਰ, ਆਏ ਗਏ ਦੀ ਸੇਵਾ ਕਰਨ ਵਾਲੇ ਸਿਮਰਨ ਵਿੱਚ ਰਹਿਣ ਵਾਲੇ ਭਜਨੀਕ ਪੁਰਖ ਸਨ। ਹੁਣ ਵੇਲਾ ਹੈ, ਸਿੱਖਾਂ ਨੂੰ ਆਪਣੇ ਸ਼ਹੀਦਾਂ ਨੂੰ ਪੂਰੀ ਸਿੱਦਤ ਨਾਲ ਯਾਦ ਕਰਨ ਦਾ, ਉਨ੍ਹਾਂ ਦੇ ਜੀਵਨ ਤੋਂ ਪ੍ਰੇਰਣਾ ਲੈਣ ਦਾ, 18ਵੀਂ ਸਦੀ ਅਤੇ ਹੁਣ ਦੇ ਇਤਿਹਾਸ ਨੂੰ ਮਿਲਾ ਕੇ ਵੇਖਣ ਦਾ, ਤਾਹੀਂ ਹੀ ਅਗਲੀਆਂ ਪੀੜ੍ਹੀਆਂ ਭਾਈ ਗੁਰਦੇਵ ਸਿੰਘ ਵਰਗੇ ਗੁਰਸਿੱਖਾਂ ਦੇ ਜੀਵਨ ਅਤੇ ਉਨ੍ਹਾਂ ਦੀਆਂ ਸ਼ਹੀਦੀਆਂ ਤੋਂ ਪ੍ਰੇਰਣਾ ਲੈ ਸਕਣਗੀਆਂ। ਤੱਤ।

ਖਾਲਸਾ ਰਾਜ ਦੀ ਚੌਂਕੀ ਸੰਭਾਲਣ ਦਾ ਜਿੰਮਾ ਕਿਸਦਾ?

ਰੋਪੜ ਨੇੜਲੇ ਪਿੰਡ ਆਸਰੋਂ ਵਿੱਚ ਸਤਲੁਜ ਦਰਿਆ ਦੇ ਕਿਨਾਰੇ ਖਾਲਸਾ ਰਾਜ ਦੀ ਚੌਂਕੀ ਦਾ ਲਾਂਘਾਂ ਇੱਕ ਸਵਰਾਜ ਨਾਮ ਦੇ ਕਾਰਖਾਨੇ ਵਲੋਂ ਬੀਤੇ ਸਮਿਆਂ ਤੋਂ ਰੋਕਿਆ ਹੋਇਆ ਸੀ। ਸਤਲੁਜ ਦਰਿਆ ਨੇੜਲੀ ਇੱਕ ਪਹਾੜੀ ਉਪਰ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ ਨੁਮਾਇਦਿਆਂ ਵਿਚਕਾਰ ਇੱਕ ਮਹੱਤਵਪੂਰਨ ਸੰਧੀ ਖਾਲਸਾ ਅਤੇ ਅੰਗਰੇਜ਼ੀ ਰਾਜ ਦੀਆਂ ਹੱਦਾਂ ਨੂੰ ਲੈਕੇ ਹੋਈ ਸੀ। ਇਸਦੀ ਯਾਦ ਦੁਆਉਂਦਾ ਇੱਕ ਅਸਟ ਧਾਤੂ ਦਾ ਨਿਸ਼ਾਨ ਸਾਹਿਬ ਲੱਗਿਆ ਹੋਇਆ ਸੀ। ਬੀਤੇ ਸਮੇਂ ਵਿਚ ਸਰਕਾਰੀ ਤੌਰ ਉਪਰ ਅਣਗਹਿਲੀ ਦਿਖਾਉਂਦਿਆ ਇਸ ਅਸਥਾਨ ਨੂੰ ਜਾਂਦਾ ਰਸਤਾ ਸਵਰਾਜ ਨਾਮ ਦੇ ਕਾਰਖਾਨੇ ਦੁਆਰਾ ਰੋਕ ਦਿੱਤਾ ਗਿਆ ਸੀ। ਇਸਤੋਂ ਇਲਾਵਾ ਜਿੱਥੇ ਨਿਸ਼ਾਨ ਸਾਹਿਬ ਲੱਗਿਆ ਹੋਇਆ ਸੀ, ਉਸ ਪਹਾੜੀ ਨੂੰ ਢਾਹੁਣ ਦੇ ਯਤਨ ਹੋਏ ਵੀ ਵਿਖਾਈ ਦਿੰਦੇ ਹਨ। ਖਾਲਸਾ



ਰਾਜ ਨਾਲ ਸਬੰਧਿਤ ਚੌਂਕੀ ਇਤਿਹਾਸਿਕ ਨਿਸ਼ਾਨੀ ਹੈ, ਇਸਨੂੰ ਬਚਾਉਣਾ ਸਿਰਫ ਸਿੱਖ ਹੀ ਨਹੀਂ, ਸਾਰੇ ਹੀ ਲੋਕਾਂ ਦਾ ਫਰਜ਼ ਬਣਦਾ ਹੈ। ਭਾਵੇਂ ਕਿ ਸਰਕਾਰ ਨੇ ਹੁਣ ਲੋਕਾਂ ਦੇ ਸੰਘਰਸ਼ ਤੋਂ ਬਾਅਦ ਅਸਥਾਨ ਨੂੰ ਜਾਂਦਾ ਲਾਂਘਾਂ ਅਤੇ ਅੱਠ ਏਕੜ ਜ਼ਮੀਨ ਦੀ ਨਿਸ਼ਾਨਦੇਹੀ ਕਰਵਾਉਣ ਦੀ ਹਾਮੀ ਭਰੀ ਹੈ, ਪਰ ਤਾਂਵੀ ਇਸਨੂੰ ਸੰਭਾਲਣ ਅਤੇ ਇਸਦੀ ਕੁਦਰਤੀ ਦਿੱਖ ਨੂੰ ਬਰਕਰਾਰ ਰੱਖਣ ਦੀ ਜਿੰਮੇਵਾਰੀ ਲੋਕਾਂ ਦੀ ਹੀ ਬਣਦੀ ਹੈ।

**ਭਾਈ ਮਲਕੀਤ ਸਿੰਘ**

## ਪਾਕਿਸਤਾਨ ਸੁਪਰੀਮ ਕੋਰਟ ਨੇ ਦੇਸ਼ਧ੍ਰੋਹ ਮਾਮਲੇ 'ਚ ਮਰਹੂਮ ਫ਼ੌਜੀ ਹਾਕਮ ਪਰਵੇਜ਼ ਮੁਸ਼ੱਰਫ਼ ਦੀ ਸਜ਼ਾ-ਏ-ਮੌਤ ਬਰਕਰਾਰ ਰੱਖੀ

ਇਸਲਾਮਾਬਾਦ:ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਸਾਬਕਾ ਫੌਜੀ ਸ਼ਾਸਕ ਜਨਰਲ ਪਰਵੇਜ਼ ਮੁਸ਼ੱਰਫ ਨੂੰ 2019 ਵਿਚ ਦੇਸ਼ਧ੍ਰੋਹ ਮਾਮਲੇ ਵਿਚ ਵਿਸ਼ੇਸ਼ ਅਦਾਲਤ ਵਲੋਂ ਸੁਣਾਈ ਮੌਤ ਦੀ ਸਜ਼ਾ ਨੂੰ ਬਰਕਰਾਰ ਰੱਖਿਆ। 1999 ਵਿਚ ਕਾਰਗਿਲ ਯੁੱਧ ਲਈ ਜ਼ਿੰਮੇਵਾਰ ਅਤੇ ਪਾਕਿਸਤਾਨ ਦੇ ਫੌਜੀ ਸ਼ਾਸਕ ਮੁਸ਼ੱਰਫ ਦੀ ਲੰਬੀ ਬਿਮਾਰੀ ਤੋਂ ਬਾਅਦ ਬੀਤੇ ਸਾਲ 5 ਫਰਵਰੀ ਨੂੰ ਦੁਬਈ ਵਿਚ ਮੌਤ ਹੋ ਗਈ ਸੀ। 79 ਸਾਲਾ ਸਾਬਕਾ ਰਾਸ਼ਟਰਪਤੀ ਦੁਬਈ ਵਿੱਚ ਇਲਾਜ ਕਰਵਾ ਰਹੇ ਸਨ। ਉਹ 2016 ਤੋਂ ਸੰਯੁਕਤ ਅਰਬ ਅਮੀਰਾਤ ਵਿੱਚ ਅਪਰਾਧਿਕ ਦੋਸ਼ਾਂ ਤੋਂ ਬਚਣ ਲਈ ਸਵੈ-ਜਲਾਵਤ ਵਿੱਚ ਰਹਿ ਰਿਹਾ ਸੀ। ਪਾਕਿਸਤਾਨ ਦੇ ਚੀਫ਼ ਜਸਟਿਸ ਕਾਜ਼ੀ ਫੈਜ਼ ਈਸਾ ਦੀ ਅਗਵਾਈ ਵਾਲੇ ਚਾਰ ਮੈਂਬਰੀ ਬੈਂਚ ਨੇ ਇਹ ਫ਼ੈਸਲਾ ਸਣਾਇਆ।




# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

## ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

## ਇਸ ਹਫਤੇ ਦੇ ਪ੍ਰੋਗਰਾਮ



ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦੀ ਦਿਹਾੜਾ ਭਾਈ ਮੇਵਾ ਸਿੰਘ ਲੋਪੋਕੇ ਅਤੇ ਨੀਂਹ ਪੱਥਰ ਸ੍ਰੀ ਦਰਬਾਰ ਸਾਹਿਬ, ਮੇਲਾ ਮੁਕਤਸਰ ਸਾਹਿਬ ਦਾ ਮਨਾਇਆ ਜਾਵੇਗਾ ਅਤੇ 2 ਪਰਿਵਾਰਾਂ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ

1. ਭਾਈ ਗੁਰਨਿਰਵੈਰ ਸਿੰਘ ਪਰਿਵਾਰ ਵੱਲੋਂ 2. ਬੀਬੀ ਗੁਰਬਖਸ਼ ਕੌਰ ਕੁਲਾਰ ਵੱਲੋਂ ਸਵ. ਭਾਈ ਹਰੀ ਸਿੰਘ ਦੀ ਸਲਾਨਾ ਯਾਦ ਵਿਚ ਇਹ ਅਖੰਡਪਾਠ ਸਾਹਿਬ 12 ਜਨਵਰੀ ਦਿਨ ਸ਼ੁੱਕਰਵਾਰ ਨੂੰ ਆਰੰਭ ਹੋਣਗੇ ਅਤੇ ਭੋਗ 14 ਜਨਵਰੀ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*13 ਜਨਵਰੀ ਦਿਨ ਸ਼ਨਿਚਰਵਾਰ ਨੂੰ ਬੱਚੀ ਪਰਮਜੀਤ ਕੌਰ ਅਤੇ ਕਾਕਾ ਗਗਨਦੀਪ ਸਿੰਘ ਦਾ ਅਨੰਦਕਾਰਜ ਹੋਵੇਗਾ।

*13 ਜਨਵਰੀ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:

1. ਭਾਈ ਰਾਜਪਾਲ ਸਿੰਘ ਬੁੱਟਰ ਪਰਿਵਾਰ ਵੱਲੋਂ ਬੱਚੇ ਦੇ ਜਨਮ ਦਿਨ ਦੀ ਖੁਸ਼ੀ ਵਿਚ
2. ਭਾਈ ਹਰਦੀਪ ਸਿੰਘ ਭੋਗਲ ਪਰਿਵਾਰ ਵੱਲੋਂ ਬੱਚੇ ਨਵੀਰ ਸਿੰਘ ਭੋਗਲ ਦੇ ਜਨਮ ਦੀ ਖੁਸ਼ੀ ਵਿਚ

*14 ਜਨਵਰੀ ਦਿਨ ਐਤਵਾਰ ਨੰ ਸਵੇਰੇ 10.30 ਵਜੇ ਤੋਂ 12.30 ਵਜੇ ਤੱਕ ਵਰਕ ਸੇਫ ਵੱਲੋਂ ਜਾਣਕਾਰੀ ਦਿੱਤੀ ਜਾਵੇਗੀ।

*14 ਜਨਵਰੀ ਦਿਨ ਐਤਵਾਰ ਅੰਤਮ ਸਸਕਾਰ ਸਵ. ਹਰਨੇਕ ਬਹਾਦਰ ਸਿੰਘ ਦਾ ਸਵੇਰੇ 10 ਵਜੇ ਰਿਵਰਸਾਈਡ ਫਿਊਨਰਲ ਹੋਮ ਵਿਖੇ ਹੋਵੇਗਾ, ਉਪਰੰਤ ਉਹਨਾਂ ਨਮਿਤ ਗੁਰੂਘਰ ਰਖਾਏ ਗਏ ਸਹਿਜਪਾਠ ਦੇ ਭੋਗ ਤੇ ਅੰਤਮ ਅਰਦਾਸ ਸਵੇਰੇ 11.30 ਵਜੇ ਹੋਵੇਗੀ।

*14 ਜਨਵਰੀ ਦਿਨ ਐਤਵਾਰ ਅੰਤਮ ਸਸਕਾਰ ਸਵ. ਜਸਵਿੰਦਰ ਸਿੰਘ ਚੱਠਾ ਦਾ ਦੁਪਹਿਰ 12.30 ਵਜੇ ਰਿਵਰਸਾਈਡ ਫਿਊਨਰਲ ਹੋਮ ਵਿਖੇ ਹੋਵੇਗਾ, ਉਪਰੰਤ ਉਹਨਾਂ ਨਮਿਤ ਗੁਰੂਘਰ ਰਖਾਏ ਗਏ ਸਹਿਜਪਾਠ ਦੇ ਭੋਗ ਤੇ ਅੰਤਮ ਅਰਦਾਸ ਦੁਪਹਿਰ 2 ਵਜੇ ਹੋਵੇਗੀ।

*14 ਜਨਵਰੀ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਕੰਵਲਜੀਤ ਸਿੰਘ ਗਿੱਲ ਪਰਿਵਾਰ ਵਲੋਂ ਆਪਣੀ ਦੋਹਤੀ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ ਵਿਚ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਰਾਗੀ ਜਥੇ:ਭਾਈ ਬਲਦੇਵ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਕਥਾਵਾਚਕ:ਭਾਈ ਰਸ਼ਪਾਲ ਸਿੰਘ ਫਾਜ਼ਿਲਕਾ ਢਾਡੀ ਜਥਾ:ਭਾਈ ਸੁਰਿੰਦਰ ਸਿੰਘ ਛਾਂਪਾ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**

**ਫੋਨ:604-590-3232, 604-590-3224**

# ਕੈਨੇਡਾ ਵਿੱਚ ਬਿਲਡਰਾਂ ਤੋਂ ਫਿਰੌਤੀਆਂ ਮੰਗਣ ਦੇ ਮਾਮਲੇ ਵਧੇ

ਸਰੀ : ਕੈਨੇਡਾ ਭਰ ਵਿੱਚ ਬਿਲਡਰਾਂ ਤੋਂ ਫਿਰੌਤੀਆਂ ਮੰਗਣ ਦੀਆਂ ਵਾਰਦਾਤਾਂ ਵਿੱਚ ਪਿਛਲੇ ਕੁਝ ਮਹੀਨਿਆਂ ਤੋਂ ਲਗਾਤਾਰ ਵਾਧਾ ਹੋ ਰਿਹਾ ਹੈ। ਪੁਲਿਸ ਅਨੁਸਾਰ ਅਕਤੂਬਰ ਤੋਂ ਹੁਣ ਤੱਕ ਕਈ ਸ਼ਹਿਰਾਂ ਵਿਚ ਘੱਟੋ ਘੱਟ 18 ਅਜਿਹੀਆਂ ਵਾਰਦਾਤਾਂ ਹੋਈਆਂ ਹਨ ਜਿਹਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

ਓਨਟੇਰਿਓ ਅਤੇ ਬੀ.ਸੀ. ਵਿਚ ਵੀ ਪੁਲਿਸ ਵਲੋਂ ਜਬਰਨ ਵਸੂਲੀ ਦੇ ਮਾਮਲਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਪਿਛਲੇ ਮਹੀਨੇ ਬ੍ਰੈਂਪਟਨ ਵਿਚ ਵੀ ਸਾਊਥ ਏਸ਼ੀਅਨ ਕਾਰੋਬਾਰੀਆਂ ਕੋਲੋਂ ਫ਼ਿਰੌਤੀ ਮੰਗੇ ਜਾਣ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਪੀਲ ਪੁਲਿਸ ਨੇ ਇੱਕ ਵਿਸ਼ੇਸ਼ ਟਾਸਕ ਫ਼ੋਰਸ ਬਣਾਈ ਹੈ। ਬੀਸੀ ਦੇ ਸਰੀ ਵਿਚ ਵੀ ਆਰਸੀਐਮਪੀ ਨੇ ਨਵੰਬਰ ਵਿਚ ਇੱਕ ਬਿਆਨ ਵਿਚ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾਏ ਜਾਣ ਦੀ ਗੱਲ ਕਹੀ ਸੀ ਅਤੇ ਕਥਿਤ ਫ਼ਿਰੌਤੀਆਂ ਪ੍ਰਾਪਤ ਕਰਨ ਵਾਲੇ ਲੋਕਾਂ ਨੂੰ ਅੱਗੇ ਆਉਣ ਲਈ ਕਿਹਾ ਸੀ।

ਹੁਣ ਐਡਮੰਟਨ ਪੁਲਿਸ ਵਲੋਂ ਵੀ ਬਿਲਡਰਾਂ ਕੋਲੋਂ ਫ਼ਿਰੌਤੀਆਂ ਮੰਗਣ ਅਤੇ ਪੈਸੇ ਨਾ ਮਿਲਣ ਦੀ ਸੂਰਤ ਵਿਚ ਬਿਲਡਰਾਂ ਦੀ ਸੰਪਤੀ ਨੂੰ ਅੱਗ ਲਾਉਣ ਦੀਆਂ ਰਿਪੋਰਟਾਂ ਦੀ ਪੁਲਿਸ ਵੱਲੋਂ ਜਾਂਚ ਸ਼ੁਰੂ ਕੀਤੀ ਗਈ ਹੈ।

ਐਡਮੰਟਨ ਪੁਲਿਸ ਨੇ ਕਿਹਾ ਕਿ ਪੀੜਤਾਂ ਕੋਲੋਂ ਵ੍ਹਾਟਸਐਪ ਜਾਂ ਟੈਕਸਟ ਮੈਸੇਜ ਦੇ ਜ਼ਰੀਏ ਫ਼ਿਰੌਤੀ ਮੰਗੀ ਜਾ ਰਹੀ ਹੈ। ਕਈ ਵਾਰੀ ਫ਼ਿਰੌਤੀ ਦੇ ਮੈਸੇਜਾਂ ਵਿਚ ਪੀੜਤ ਦੀ ਨਿੱਜੀ ਜਾਣਕਾਰੀ ਜਿਵੇਂ ਪਰਿਵਾਰਕ ਮੈਂਬਰਾਂ ਦੇ ਨਾਮ, ਵਾਹਨ ਅਤੇ ਰੋਜ਼ਮਰਾ ਦੇ ਕੰਮਕਾਜ ਦੀ ਜਾਣਕਾਰੀ ਵੀ ਸ਼ਾਮਲ ਹੁੰਦੀ ਹੈ। ਪੁਲਿਸ ਨੇ ਕਿਹਾ ਕਿ ਵਸੂਲੀ ਲਈ ਮੰਗੇ ਪੈਸੇ ਨਾ ਦੇਣ 'ਤੇ ਨਵੇਂ ਬਣੇ ਘਰਾਂ ਜਾਂ ਹੋਰ ਸਬੰਧਤ ਸੰਪਤੀ ਨੂੰ ਅੱਗ ਲਾਕੇ ਨੁਕਸਾਨ ਪਹੁੰਚਾਇਆ ਗਿਆ ਹੈ। ਐਡਮੰਟਨ ਫ਼ਾਇਰ ਰੈਸਕਿਊ ਸਰਵਿਸੇਜ਼ ਅਨੁਸਾਰ 1 ਨਵੰਬਰ ਤੋਂ 2 ਜਨਵਰੀ ਵਿਚਕਾਰ ਨਵੇਂ ਜਾਂ ਉਸਾਰੀ ਅਧੀਨ ਘਰਾਂ ਵਿਚ ਅੱਗ ਲੱਗਣ ਦੀਆਂ 9 ਵਾਰਦਾਤਾਂ ਵਾਪਰ ਚੁੱਕੀਆਂ ਹਨ।

ਇਹਨਾਂ 9 ਵਿਚੋਂ ਇੱਕ ਨੂੰ ਛੱਡ ਕੇ ਬਾਕੀ ਸਾਰੇ ਅੱਗਜ਼ਨੀ ਦੇ ਮਾਮਲੇ ਹਨ ਅਤੇ ਬਾਕੀ ਬਚੀ ਇੱਕ ਘਟਨਾ ਵੀ ਸ਼ੱਕੀ ਵਾਰਦਾਤ ਵੱਜੋਂ ਜਾਂਚ ਅਧੀਨ ਹੈ। ਫ਼ਾਇਰ ਵਿਭਾਗ ਨੇ ਦੱਸਿਆ ਕਿ ਕਈ ਘਟਨਾਵਾਂ ਵਿਚ ਇੱਕ ਤੋਂ ਵੱਧ ਘਰਾਂ ਨੂੰ ਅੱਗ ਲਾਈ ਗਈ ਸੀ ਅਤੇ ਅੱਗ ਕਾਰਨ 14 ਘਰਾਂ ਅਤੇ ਇੱਕ ਗੇਰਾਜ ਨੂੰ ਨੁਕਸਾਨ ਪਹੁੰਚਿਆ ਹੈ।

ਜ਼ਿਆਦਾਤਰ ਘਟਨਾਵਾਂ ਸ਼ਹਿਰ ਦੇ ਸਬਅਰਬ ਇਲਾਕਿਆਂ ਜਿਵੇਂ ਐਸਟਰ, ਲੌਰੇਲ, ਵੂਡਹੇਵਨ ਐਜਮੌਂਟ ਅਤੇ ਸਾਈ ਬੈਕਰ ਕਮਿਊਨਿਟੀਜ਼ ਵਿਚ ਵਾਪਰੀਆਂ ਹਨ। ਇਸ ਤੋਂ ਇਲਾਵਾ ਕੁਝ ਅੱਗ ਦੀਆਂ ਘਟਨਾਵਾਂ ਕਿੰਗ ਐਡਵਰਡ ਪਾਰਕ ਨੇਬਰਹੁੱਡ ਅਤੇ ਯੂਨੀਵਰਸਿਟੀ ਇਲਾਕੇ ਲਾਗੇ ਵੀ ਵਾਪਰੀਆਂ ਹਨ।

ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਫ਼ਾਇਰ ਜਾਂਚ ਅਧਿਕਾਰੀ ਕਰਦੇ ਹਨ, ਪਰ ਜੇ ਮਾਮਲਾ ਅੱਗਜ਼ਨੀ ਯਾਨੀ ਜਾਣ ਬੁੱਝ ਕੇ ਅੱਗ ਲਾਉਣ ਦਾ ਹੋਵੇ ਤਾਂ ਪੁਲਿਸ ਵੱਲੋਂ ਜਾਂਚ ਦੀ ਅਗਵਾਈ ਕੀਤੀ ਜਾਂਦੀ ਹੈ।

ਐਡਮੰਟਨ ਵਿਚ, ਪੁਲਿਸ ਨੇ ਕਿਹਾ ਕਿ ਕੁਝ ਮਾਮਲਿਆਂ ਵਿਚ ਪੈਸਿਆਂ ਦੀ ਹੋਰ ਮੰਗ ਵੀ ਕੀਤੀ ਗਈ ਹੈ ਜਿਸ ਦੇ ਨਤੀਜੇ ਵੱਜੋਂ ਹਿੰਸਾ ਵਿਚ ਵਾਧਾ ਅਤੇ ਗੱਡੀ ਵਿਚੋਂ ਗੋਲੀਆਂ ਚਲਾਕੇ ਫ਼ਰਾਰ ਹੋਣ ਵਰਗੀਆਂ ਘਟਨਾਵਾਂ ਵੀ ਵਾਪਰੀਆਂ ਹਨ।



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ
604-607-0333

## ਪ੍ਰਤੀ ਲਿਟਰ ਬੋਤਲਬੰਦ ਪਾਣੀ ਵਿੱਚ ਢਾਈ ਲੱਖ ਦੇ ਕਰੀਬ ਨੈਨੋਪਲਾਸਟਿਕ



ਨਿਊਯਾਰਕ:ਇੱਕ ਅਧਿਐਨ 'ਚ ਖੁਲਾਸਾ ਹੋਇਆ ਹੈ ਕਿ ਬੋਤਲਬੰਦ ਪਾਣੀ 'ਚ ਹਜ਼ਾਰਾਂ ਪਛਾਣੇ ਜਾਣ ਯੋਗ ਤੱਤਾਂ ਦੇ ਨਾਲ ਨਾਲ ਪਹਿਲਾਂ ਤੋਂ ਹੀ ਅਜਿਹੇ ਨਾ ਪਛਾਣੇ ਜਾਣ ਯੋਗ ਢਾਈ ਲੱਖ ਦੇ ਕਰੀਬ ਨੈਨੋਪਲਾਸਟਿਕ ਹੁੰਦੇ ਹਨ ਜੋ ਮਨੁੱਖੀ ਸਿਹਤ ਲਈ ਬਹੁਤ ਖਤਰਨਾਕ ਹਨ। ਇਨ੍ਹਾਂ ਨੈਨੋਪਲਾਸਟਿਕ ਦੀ ਗਿਣਤੀ ਪਿਛਲੇ ਅਨੁਮਾਨਾਂ ਨਾਲੋਂ 10 ਤੋਂ ਸੌ ਗੁਣਾ ਵੱਧ ਹੈ। ਹਾਲ ਹੀ ਦੇ ਸਾਲਾਂ 'ਚ ਇਸ ਗੱਲ ਨੂੰ ਲੈ ਕੇ ਚਿੰਤਾ ਵਧ ਰਹੀ ਹੈ ਕਿ ਮਾਈਕ੍ਰੋਪਲਾਸਟਿਕ ਵਜੋਂ ਜਾਣੇ ਜਾਣ ਵਾਲੇ ਛੋਟੇ ਕਣ ਮੂਲ ਰੂਪ 'ਚ ਧਰਤੀ 'ਤੇ ਹਰ ਥਾਂ, ਧਰੁਵੀ ਬਰਫ ਤੋਂ ਲੈ ਕੇ ਮਿੱਟੀ ਤੱਕ, ਪੀਣ ਵਾਲੇ ਪਾਣੀ ਅਤੇ ਭੋਜਨ ਵਿੱਚ ਦਿਖਾਈ ਦੇ ਰਹੇ ਹਨ। ਜਨਰਲ ਪ੍ਰੋਸੀਡਿੰਗਜ਼ ਆਫ ਦਿ ਨੈਸ਼ਨਲ ਅਕੈਡਮੀ ਆਫ ਸਾਇੰਸਿਜ਼ 'ਚ ਪ੍ਰਕਾਸ਼ਿਤ ਅਧਿਐਨ 'ਚ ਖੋਜਕਾਰਾਂ ਨੇ ਨੈਨੋਪਲਾਸਟਿਕ 'ਤੇ ਧਿਆਨ ਕੇਂਦਰਿਤ ਕੀਤਾ। ਮਾਈਕ੍ਰੋਪਲਾਸਟਿਕ ਦੇ ਕਣ ਹੋਰ ਵੀ ਜ਼ਿਆਦਾ ਟੁੱਟ ਗਏ ਹਨ। ਪਹਿਲੀ ਵਾਰ ਅਮਰੀਕਾ 'ਚ ਕੋਲੰਬੀਆ ਯੂਨੀਵਰਸਿਟੀ ਦੀ ਟੀਮ ਨੇ ਨਵੀਂ ਸੋਧੀ ਹੋਈ ਤਕਨੀਕ ਦੀ ਵਰਤੋਂ ਕਰਕੇ ਬੋਤਲਬੰਦ ਪਾਣੀ 'ਚ ਇਨ੍ਹਾਂ ਸੂਖਮ ਕਣਾਂ ਨੂੰ ਗਿਣਿਆ ਤੇ ਪਛਾਣ ਕੀਤੀ ਹੈ। ਉਨ੍ਹਾਂ ਪਾਇਆ ਕਿ ਔਸਤਨ ਇੱਕ ਲਿਟਰ ਪਾਣੀ 'ਚ ਤਕਰੀਬਨ 2.40 ਲੱਖ ਪਤਾ ਲਾਉਣ ਯੋਗ ਪਲਾਸਟਿਕ ਦੇ ਟੁੱਕੜੇ ਹੁੰਦੇ ਹਨ ਜੋ ਪਿਛਲੇ ਅਨੁਮਾਨਾਂ ਤੋਂ 10 ਤੋਂ 100 ਗੁਣਾ ਵੱਧ ਹਨ ਤੇ ਇਹ ਮੁੱਖ ਤੌਰ 'ਤੇ ਵੱਡੇ ਆਕਾਰ 'ਤੇ ਆਧਾਰਿਤ ਸਨ। ਮਾਈਕ੍ਰੋਪਲਾਸਟਿਕ ਦੇ ਉਲਟ ਨੈਨੋਪਲਾਸਟਿਕਸ ਇੰਨੇ ਛੋਟੇ ਹੁੰਦੇ ਹਨ ਕਿ ਉਹ ਅੰਤੜੀਆਂ ਤੇ ਫੇਫੜਿਆਂ 'ਚੋਂ ਸਿੱਧੇ ਖ਼ੂਨ ਵਿਚ ਰਲ ਸਕਦੇ ਹਨ ਤੇ ਉੱਥੋਂ ਦਿਲ ਤੇ ਦਿਮਾਗ ਸਮੇਤ ਹੋਰ ਅੰਗਾਂ ਤੱਕ ਜਾ ਸਕਦੇ ਹਨ। ਉਹ ਸਰੀਰ ਦੇ ਇਕੱਲੇ-ਇਕੱਲੇ ਸੈੱਲ 'ਤੇ ਹਮਲਾ ਕਰ ਸਕਦੇ ਹਨ ਅਤੇ ਨਾੜਾਂ ਰਾਹੀਂ ਹੋ ਕੇ ਅਣਜਨਮੇ ਬੱਚੇ ਦੇ ਸਰੀਰ 'ਚ ਵੀ ਦਾਖਲ ਹੋ ਸਕਦੇ ਹਨ।

ATLAS
ANIMAL HOSPITAL

Open 24 Hours 7 Days a Week





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar
& Associates

Tel: 604-301-0300

5696 Fraser St, Vancouver, BC, V5W 2Z4
www.atlasvetsinvancouver.com

# ਸਿਹਤ ਸੰਬੰਧੀ





# ਛਾਹੀਆਂ, ਐਕਨੀ, ਕਿੱਲ-ਮੁਹਾਸੇ ਅਤੇ ਹੋਮਿਓਪੈਥੀ

ਮਨੁੱਖੀ ਸੁੰਦਰਤਾ ਦੀ ਪਰਿਭਾਸ਼ਾ ਦਾ ਘੇਰਾ ਬਹੁਤ ਵਿਸ਼ਾਲ ਹੈ। ਅਜੋਕੇ ਸਮੇਂ ਵਿੱਚ ਤਨ ਦੀ ਸੁੰਦਰਤਾ ਨੂੰ ਮਨ ਦੀ ਸੁੰਦਰਤਾ ਨਾਲੋਂ ਪਹਿਲ ਦਿੱਤੀ ਜਾਂਦੀ ਹੈ। ਮਨੁੱਖ ਬਾਹਰੋਂ ਸੋਹਣਾ ਦਿਖਣ ਲਈ ਹਰ ਤਰ੍ਹਾਂ ਦੇ ਵਸੀਲੇ ਵਰਤਦਾ ਹੈ। ਮਨੁੱਖ ਦੇ ਚਿਹਰੇ ਤੋਂ ਉਸ ਦੀ ਪੂਰੀ ਬਾਹਰੀ ਦਿੱਖ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਕਿਸੇ ਸਿਹਤ ਸੰਬੰਧੀ ਵਿਗਾੜ ਦੇ ਚਲਦਿਆਂ ਮਿਹਰਾ ਮੁਰਝਾਇਆ ਲੱਗਣ ਨਾਲ ਪਰਿਭਾਵਤ ਮਨੁੱਖ ਚਿੰਤਾ-ਗ੍ਰਸਤ ਦਿਖਣ ਲੱਗ ਪੈਂਦਾ ਹੈ। ਚਿਹਰੇ ਉੱਤੇ ਖ਼ੁਸ਼ੀਆਂ ਦੇ ਖੇੜੇ ਮੁੜ ਪਰਤਾਉਣ ਵਾਸਤੇ ਅੰਦਰਲੇ ਰੋਗ ਨੂੰ ਢੁਕਵੀਂ ਚਿਕਿਤਸਾ ਰਾਹੀਂ ਠੀਕ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਕਈ ਵਾਰੀ ਵੇਖਣ ਵਿੱਚ ਆਉਂਦਾ ਹੈ ਕਿ ਕੋਈ ਗੰਭੀਰ ਰੋਗ ਨਾ ਹੁੰਦਿਆਂ ਹੋਇਆਂ ਵੀ ਚਿਹਰੇ ਤੋਂ ਤਰੋ-ਤਾਜ਼ਗੀ ਗਾਇਬ ਹੁੰਦੀ ਹੈ ਜਾਂ ਕਿੱਲ, ਮੁਹਾਸੇ ਅਤੇ ਛਾਹੀਆਂ ਚਿਹਰੇ ਨੂੰ ਭੱਦਾ ਬਣਾ ਦਿੰਦੀਆਂ ਹਨ। ਚੜ੍ਹਦੀ ਉਮਰ ਵਿੱਚ ਮੁੰਡੇ ਕੁੜੀਆਂ ਵਿੱਚ ਇਹ ਹਾਰਮੋਨਜ਼ ਵਿਚਲੀ ਤਬਦੀਲੀ ਕਾਰਣ ਹੋ ਜਾਂਦੇ ਹਨ। ਪਰ, ਫ਼ੈਸ਼ਨ ਨੂੰ ਪਹਿਲ ਅਤੇ ਸਾਫ਼ ਚਿਹਰੇ ਵਾਲੀ ਚੰਗੀ ਦਿੱਖ ਹਾਸਲ ਕਰਨ ਲਈ ਨੌਜਵਾਨ ਪੀੜ੍ਹੀ ਕਈ ਤਰ੍ਹਾਂ ਦੇ ਅਣਅਧਿਕਾਰਤ ਤਰੀਕੇ ਜਾਂ ਔਹੜ-ਪੌਹੜ ਦੀ ਵਰਤੋਂ ਕਰਕੇ ਅਜਾਈਂ ਪੈਸਾ ਗੰਵਾ ਬੈਠਦੇ ਹਨ।

ਸਫ਼ਲਤਾ ਤਾਂ ਹੀ ਮਿਲੇਗੀ ਜੇ ਕਿਸੇ ਪੇਸ਼ੇਵਰ ਚਿਕਿਤਸਕ ਤੋਂ ਕਿੱਲ, ਮੁਹਾਸੇ ਜਾਂ ਛਾਹੀਆਂ ਦਾ ਇਲਾਜ ਕਰਵਾਇਆ ਜਾਵੇਗਾ। ਕੈਮੀਕਲ-ਅਧਾਰਤ ਕ੍ਰੀਮਾਂ ਦੀ ਵਰਤੋਂ ਕਰ ਕੇ ਕਿੱਲ, ਮੁਹਾਸੇ ਜਾਂ ਛਾਹੀਆਂ ਦਾ ਠੋਸ ਇਲਾਜ ਨਹੀਂ ਹੁੰਦਾ, ਸਗੋਂ ਚਮੜੀ ਦੇ ਰੋਮ ਅਤੇ ਗ੍ਰੰਥੀਆਂ, ਜਿਨ੍ਹਾਂ ਰਾਹੀਂ ਚਮੜੀ ਦੇ ਹੇਠ ਇਕੱਠੇ ਹੋਏ ਅਣਚਾਹੇ ਪਦਾਰਥ ਨਿਕਲਣਾ ਚਾਹੀਦਾ ਹੈ, ਉੱਥੇ ਰੁਕਾਵਟਾਂ ਬਣ ਜਾਂਦੀਆਂ ਹਨ। ਕਿੱਲ ਅਤੇ ਮੁਹਾਸਿਆਂ ਦਾ ਪ੍ਰਕੋਪ ਸਿਰਫ਼ ਚਿਹਰੇ ਤਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਮੋਢਿਆਂ ਅਤੇ ਪਿੱਠ ਉੱਤੇ ਵੀ ਇਨ੍ਹਾਂ ਦਾ ਪ੍ਰਗਟਾਵਾ ਹੋ ਜਾਂਦਾ ਹੈ। ਕਈ ਕਿੱਲ-ਮੁਹਾਸੇ ਤਾਂ ਫ਼ਿਣਸੀਆਂ ਅਤੇ ਫ਼ੋੜਿਆਂ ਦੀ ਸ਼ਕਲ ਵੀ ਇਖ਼ਤੀਆਰ ਕਰ ਲੈਂਦੇ ਹਨ, ਜਿਨ੍ਹਾਂ ਵਿੱਚੋਂ ਪੀਕ ਜਾਂ ਕਚ-ਲਹੂ ਰਿਸਦਾ ਹੈ। ਕਈਆਂ ਨੂੰ ਇਸ ਵਿੱਚੋਂ ਰਿਸਦਾ ਅਣਚਾਹਿਆ ਪਦਾਰਥ ਕੱਢਣ ਲਈ ਇਨ੍ਹਾਂ ਨੂੰ ਦਬਾਉਣ ਦੀ ਆਦਤ ਪੈ ਜਾਂਦੀ ਹੈ ਜੋ ਕਿ ਚਿਹਰੇ ਉੱਪਰ ਨਿਸ਼ਾਨ ਅਤੇ ਧੱਬੇ ਛੱਡ ਦਿੰਦੇ ਹਨ ਜਿਸ ਨਾਲ ਚਿਹਰਾ ਅਤੇ ਚਮੜੀ ਕੁਰੂਪ ਲੱਗਦੇ ਹਨ ਅਤੇ ਪੀੜ੍ਹਤ ਮਨੁੱਖ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦਾ ਹੈ।

ਆਮ ਤੌਰ ’ਤੇ ਇਸਤਰੀਆਂ ਦੇ ਚਿਹਰੇ ਉੱਤੇ ਛਾਹੀਆਂ ਦਾ ਪ੍ਰਕੋਪ ਜ਼ਿਆਦਾ ਹੁੰਦਾ ਹੈ ਜਿਸ ਦਾ ਕਾਰਣ ਲਹੂ ਦੀ ਘਾਟ, ਜਣੇਪੇ ਤੋਂ ਬਾਅਦ ਕਮਜ਼ੋਰੀ, ਮਾਹਵਾਰੀ ਦੇ ਨਾਲ ਜੁੜੀਆਂ ਸਮੱਸਿਆਵਾਂ, ਬਹੁਤ ਠੰਢ ਜਾਂ ਗਰਮੀ ਵਿੱਚ ਜ਼ਿਆਦਾ ਦੇਰ ਤਕ ਕੰਮ ਕਰਨਾ ਆਦਿ ਆਮ ਹੁੰਦੇ ਹਨ। ਕਿੱਲ-ਮੁਹਾਸਿਆਂ ਦੀਆਂ ਕਈ ਪ੍ਰਕਾਰ ਦੀਆਂ ਕਿਸਮਾਂ ਹੁੰਦੀਆਂ ਹਨ, ਜਿਵੇਂ ਐਕਨੀ-ਵਲਗਰਸ, ਮੂਕਨੀ-ਪੈਂਕਟੇਟਾ, ਐਕਨੀ-ਇਨਡਿਯੂਰੇਟਾ ਆਦਿ। ਐਕਨੀ ਦੀ ਵਜ੍ਹਾ ਆਮ ਤੌਰ ’ਤੇ ਸਫ਼ਾਈ ਦੀ ਘਾਟ, ਦੂਸ਼ਿਤ ਵਾਤਾਵਰਣ ਅਤੇ ਸੁੰਦਰਤਾ ਲਈ ਵਰਤੀਆਂ ਜਾਣ ਵਾਲੀਆਂ ਅਣ-ਅਧਿਕਾਰਤ ਕ੍ਰੀਮਾਂ ਦਾ ਇਸਤੇਮਾਲ ਹੁੰਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਦੇ ਹੋਰ ਕਾਰਣ ਜਿਵੇਂ ਪੇਟ ਵਿੱਚ ਗੈਸ, ਕਬਜ਼, ਮੈਹਿਦੇ ਦੀ ਕਮਜ਼ੋਰੀ, ਮਾਹਵਾਰੀ ਵਿੱਚ ਵਿਗਾੜ, ਤੇਲ-ਨੁੰਮਾ ਚਮੜੀ ਜਾਂ ਹੋਰ ਚਿਲਕਾਲੀਨ ਅਲਾਮਤਾਂ ਨੂੰ ਠੀਕ ਕਰਨ ਲਈ ਜਿੱਥੇ ਨਿੱਜੀ ਸਵੱਛਤਾ ਲਾਹੇਵੰਦ ਹੁੰਦੀ ਹੈ, ਉੱਥੇ ਹੀ ਹੋਮਿਓਪੈਥਿਕ ਦਵਾਈਆਂ ਰਾਹੀਂ ਇਨ੍ਹਾਂ ਨੂੰ ਠੀਕ ਕਰਨ ਉਪਰੰਤ ਚਿਹਰੇ ਅਤੇ ਸਰੀਰ ਦੀ ਸੁੰਦਰਤਾ ਵਧਾਈ ਜਾ ਸਕਦੀ ਹੈ। ਹੋਮਿਓਪੈਥੀ ਦੀ ਸਹੀ ਦਵਾਈ ਅਜਿਹੀ ਅਲਾਮਤ ਨੂੰ ਜੜ੍ਹੋਂ ਪੁੱਟਣ ਵਿੱਚ ਸਹਾਈ ਹੋ ਸਕਦੀ ਹੈ।ਹੋਮਿਓਪੈਥੀ ਦੀ ਢੁਕਵੀਂ ਦਵਾਈ ਦੀ ਚੋਣ ਵਾਸਤੇ ਕਿਸੇ ਨਿਪੁੰਨ ਹੋਮਿਓਪੈਥ ਦੀਆਂ ਸੇਵਾਵਾਂ ਦਾ ਲਾਭ ਉਠਾਉਣਾ ਚਾਹੀਦਾ ਹੈ। ਤੁਹਾਡੇ ਸਰੀਰਕ, ਮਾਨਸਿਕ ਅਤੇ ਵਾਤਾਵਰਣ-ਸੰਬੰਧੀ ਪਹਿਲੂਆਂ ਨੂੰ ਗਹਿਰਾਈ ਨਾਲ ਸਮਝ ਕੇ ਉਨ੍ਹਾਂ ਦਾ ਮੁਲਾਂਕਣ ਕਰਨ ਉਪਰੰਤ ਹੀ ਸਹੀ ਹੋਮਿਓਪੈਥਿਕ ਦਵਾਈ ਰਾਹੀਂ ਐਕਨੀ, ਕਿੱਲ ਅਤੇ ਛਾਹੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।




ਡਾ. ਸ਼ਵੇਤਾ
MBBS, MD & DHMS (ONT.)
Abbotsford
(604) 304-2236

ਡਾ. ਆਰ.ਐੱਸ. ਸੈਣੀ
(ਹੋਮਿਓਪੈਥ)
Surrey
(604) 502-9579



**ਕਿੱਲ-ਮੁਹਾਸੇ ਤੋਂ ਬਚਣ ਲਈ ਧਿਆਨਯੋਗ ਗੱਲਾਂ:**

- ਚਿਹਰੇ ਦੀ ਸਾਫ਼-ਸਫ਼ਾਈ ਰੱਖਣ ਲਈ ਚਿਹਰੇ ਨੂੰ ਗੁਣਗੁਣੇ ਪਾਣੀ ਅਤੇ ਚੰਗੇ ਸਾਬਣ ਨਾਲ ਧੋਵੋ ਤਾਂ ਕਿ ਚਿਹਰੇ ’ਤੇ ਜੰਮੀ ਧੂੜ ਜਾਂ ਅੰਦਰੋਂ ਉੱਭਰਿਆ ਤੇਲ ਸਾਫ਼ ਹੋ ਸਕੇ।
- ਕਬਜ਼ ਤੋਂ ਬਚੋ। ਆਪਣੇ ਭੋਜਨ ਵਿੱਚ ਲੋੜੀਂਦੇ ਤੱਤਾਂ ਤੋਂ ਇਲਾਵਾ ਫ਼ਾਈਬਰ ਵਾਲੀ ਪੌਸ਼ਟਿਕ ਖ਼ੁਰਾਕ, ਫ਼ਲ ਅਤੇ ਸਲਾਦ ਦਾ ਇਸਤੇਮਾਲ ਕਰੋ।
- ਦਿਨ ਵਿੱਚ ਅੱਠ ਤੋਂ ਦਸ ਗਿਲਾਸ ਪਾਣੀ ਜ਼ਰੂਰ ਪੀਓ।
- ਪੇਸਟ੍ਰੀ, ਚੌਕਲੇਟ, ਚਰਬੀ, ਤਲ਼ੀਆਂ ਚੀਜ਼ਾਂ ਅਤੇ ਜੰਕ ਫ਼ੂਡ ਦੀ ਵਰਤੋਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

ਨਸ਼ਿਆਂ ਤੋਂ ਛੁਟਕਾਰਾ ਪਾਉ
night & day recovery
ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca




ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD & 
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ
ਵਿੱਚ ਮਸ਼ਹੂਰ ਨਾਮ
ਜਿੱਥੋਂ ਤੁਸੀਂ ਮਨਪਸੰਦ ਜਿਊਲਰੀ
ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

# ਹਸਗੁੱਲੇ

ਮਾਸਟਰ : ਤੇਰੇ ਪਿਤਾ ਦੀ ਉਮਰ ਕਿੰਨੀ ਹੈ ?
ਪੱਪੂ: ਜਿੰਨੀ ਉਮਰ ਦਾ ਮੈ ਹਾਂ।
ਮਾਸਟਰ: ਇਹ ਕਿਵੇਂ ਸੰਭਵ ਹੈ?
ਪੱਪੂ: ਜਿਸ ਦਿਨ ਮੈਂ ਜੰਮਿਆਂ ਸੀ ਉਸ ਦਿਨ ਉਹ ਪਿਤਾ ਬਣਿਆ ਸੀ।

*************

ਐਡਵੋਕੇਟ: ਤਲਾਕ ਕਰਵਾਉਂਣ ਦੇ 10,000 ਰੁਪਏ ਲੱਗਣਗੇ।
ਪਤੀ:ਪਾਗਲ ਹੋ?ਪੰਡਿਤ ਨੇ 101 ਰੁਪਏ ਮੈਂ ਸ਼ਾਦੀ ਕਰਵਾ ਦਿਤੀ ਸੀ।
ਐਡਵੋਕੇਟ: ਦੇਖ ਲਿਆ ਫਿਰ ਸਸਤੇ ਦਾ ਨਤੀਜਾ

*************

ਪਹਿਲਾ ਦੋਸਤ: ਮੇਰੀ ਪਤਨੀ ਨੇ ਮੈਨੂੰ ਧਾਰਮਿਕ ਬਣਾਂ ਦਿੱਤਾ।
ਦੂਜਾ ਦੋਸਤ: ਸੱਚਮੁੱਚ?
ਪਹਿਲਾ ਦੋਸਤ: ਹਾਂ! ਜਦੋਂ ਤੱਕ ਮੈਂ ਉਸ ਨਾਲ ਵਿਆਹ ਨਹੀਂ ਕੀਤਾ, ਮੈਨੂੰ ਨਰਕ ਵਿੱਚ ਵਿਸ਼ਵਾਸ ਹੀ ਨਹੀਂ ਸੀ!

*************

ਪਤਨੀ - ਕਾਲਜ ਦੇ ਬਾਰੇ ਤੁਹਾਡਾ ਕੋਈ ਬੁਰਾ ਅਨੁਭਵ ਹੈ?
ਪਤੀ- ਹਾਂ, ਤੇਰੀ ਅਤੇ ਮੇਰੀ ਪਹਿਲੀ ਮੁਲਕਾਤ ਕਾਲਜ ਵਿੱਚ ਹੀ ਹੋਈ ਸੀ।

*************

ਬੰਟੀ ਨੇ ਆਪਣੀ ਬਾਂਹ ਤੇ ਬਲੇਡ ਨਾਲ ਆਪਣੀ ਗਰਲ ਫੇਂਡ ਦਾ ਨਾਮ ਲਿੱਖ ਲਿਆ
ਅਤੇ ਫਿਰ 5 ਮਿੰਟ ਬਾਅਦ ਜੋਰ ਜੋਰ ਦੀ ਰੋਣ ਲਗਿਆ।
ਸੰਟੀ;- : ਓਏ ਕਾਹਨੂੰ ਰੋਂਦਾ ਓਏ ?
ਬੰਟੀਸੰਤਾ: ਮੈਥੋ ਸਪੈਲਿੰਗ ਗਲਤ ਲਿਖੇ ਗਏ!

*************

ਪਤੀ: ਮੇਰੇ ਮਰਨ ਤੋਂ ਬਾਅਦ, ਕੀ ਤੂੰ ਦੂਸਰੀ ਸ਼ਾਦੀ ਕਰੇਂਗੀ?
ਪਤਨੀ: ਨਹੀਂ ਮੈ ਆਪਣੀਂ ਭੈਣ ਨਾਲ ਰਹਿ ਲਵਾਂਗੀ।ਪਰ ਜੇ ਮੈਂ ਮਰ ਗਈ ਤਾਂ ਤੁਸੀ ਕੀ ਕਰੋਗੇ?
ਪਤੀ: ਮੈਂ ਵੀ ਤੇਰੀ ਭੈਣ ਨਾਲ ਹੀ ਰਹਿ ਲਵਾਂਗਾ!

*************

ਸੰਤਾ ਤੇ ਬੰਤਾ ਕਾਰ ਰਾਹੀ ਕਿਸੇ ਮਿੱਤਰ ਨੂੰ ਮਿਲਣ ਜਾ ਰਹੇ ਸਨ।
ਕਾਰ ਚਲਾਉਂਦੇ ਹੋਏ ਸੰਤੇ ਨੂੰ ਸੜਕ ਵਿੱਚ "ਐਕਸੀਡੈਂਟ ਜ਼ੋਨ" ਦਾ ਬੋਰਡ ਦਿਖਿਆ!
ਸੰਤਾ ਆਪਣੇ ਦੋਸਤ ਬੰਤੇ ਨੂੰ ਕਹਿੰਦਾ 'ਸਾਡੇ ਦੇਸ਼ ਨੇ ਕੀ ਤਰੱਕੀ ਕਰਨੀ ਹੈ?
ਐਕਸੀ ਡੈਂਟ ਜ਼ੋਨ ਵਿੱਚ ਤਾਂ ਸੜਕਾਂ ਬਣਾਈ ਜਾਂਦੇ ਨੇ'!

*************

ਮੁੰਡਾ : (ਗਰਲ ਫਰੈਂਡ ਨੂੰ)ਕੱਲ ਮੈ ਤੁਹਾਡੇ ਘਰ ਗਿਆ ਸੀ। ਲਗਦਾ ਹੈ ਅਪਣੀਂ ਸ਼ਾਦੀ ਨਹੀਂ ਹੋਵੇਗੀ।
ਕੁੜੀ : ਕਿਉਂ ? ਪਾਪਾ ਨੂੰ ਮਿਲਿਆ ਸੀ?
ਮੁੰਡਾ: ਨਹੀਂ, ਤੇਰੀ ਭੈਣ ਨੂੰ ਮਿਲਿਆ ਸੀ!

*************

ਪੱਪੂ : ਯਾਰ ਮੇਰੀ ਬੀਵੀ ਪਾਣੀ ਤੋਂ ਬਹੁਤ ਡਰਦੀ ਹੈ।
ਦੋਸਤ: ਅੱਛਾ ਉਹ ਕਿਵੇਂ?
ਸਰਦਾਰ : ਯਾਰ ਕਲ ਮੈਂ ਘਰ ਗਿਆ ਤਾਂ ਨਹਾਉਂਣ ਵਾਲੇ ਟੱਬ ਵਿੱਚ ਵੀ ਸਕਿਉਰਟੀ ਗਾਰਡ ਨਾਲ ਬੈਠੀ ਸੀ!
ਸੇਲਜ਼ਮੈਨ :ਕਾਕਰੋਚ ਮਾਰਨ ਲਈ ਪਾਊਡਰ ਲੈ ਲਵੋ?
ਘਾਹਕ:ਂ ਅਸੀਂ ਕਾਕਰੋਚ ਨੂੰ ਇਨਾ ਲਾਡ ਪਿਆਰ ਨਹੀਂ ਕਰਦੇ ਕੱਲ ਇਹ ਪ੍ਰਫਿਊਮ ਮੰਗੇਗਾ।

*************

ਪਤਨੀ (ਆਪਣੇਂ ਪਤੀ ਨੂੰ) ਚਲੋ ਅੱਜ ਕਿਤੇ ਘੁੰਮਣ ਚੱਲਦੇ ਹਾਂ ਅਤੇ ਡਰਾਇਵਿੰਗ ਮੈਂ ਕਰਾਂਗੀ!
ਪਤੀ:ਅੱਛਾ ਤੇਰਾ ਮਤਲਬ ਜਾਵਾਂਗੇ ਕਾਰ ਵਿੱਚ ਤੇ ਆਵਾਂਗੇ ਕਲ੍ਹ ਦੇ ਅਖਬਾਰ ਵਿੱਚ!

*************

ਅਧਿਆਪਕ( ਵਿਦਿਆਰਥੀ ਨੂੰ) ਕੱਪੜਾ ਕਿਸ ਨੂੰ ਕਹਿੰਦੇ ਹਨ?
ਵਿਸ਼ਾਲ :-ਜੀ ਪਤਾ ਨਹੀਂ !
ਅਧਿਆਪਕ : ਆਹ ਤੇਰੇ ਕੱਛਾ ਕਿਸ ਚੀਜ ਦਾ ਬਣਿਆ ਹੈ?
ਵਿਸ਼ਾਲ:-ਪਾਪਾ ਦੀ ਪੂਰਾਣੀ ਪੈਂਟ ਤੋਂ ਮੰਮੀ ਨੇ ਬਣਾ ਦਿੱਤਾ ਸੀ।

*************

ਇੱਕ ਔਰਤ ਨੇ ਕਸਟਮਰ ਕੇਅਰ ਨੂੰ ਫੋਨ ਕਰ ਕੇ ਗੁੱਸੇ ਵਿੱਚ ਕਿਹਾ, ''ਪਿਛਲੇ ਤਿੰਨ ਘੰਟਿਆਂ ਤੋਂ ਤੁਹਾਡੀ ਕੰਪਨੀ ਦਾ ਇੰਟਰਨੈੱਟ ਨਹੀਂ ਚੱਲ ਰਿਹਾ, ਦੱਸੋ ਮੈਂ ਕੀ ਕਰਾਂ?''ਕਸਟਮਰ ਕੇਅਰ ਵਾਲਾ, ''ਭੈਣ ਜੀ, ਚੱਲਣ ਤੱਕ ਤੁਸੀਂ ਘਰ ਦੇ ਕੰਮ ਹੀ ਕਰ ਲਵੋ।''

***********

ਹਰ ਚੌਕ 'ਚ ਹੈਲਮੇਟਸ ਦੀ ਚੈਕਿੰਗ ਹੋ ਰਹੀ ਸੀ। ਚਾਚਾ ਜੀ ਘਰ ਆਏ ਤਾਂ ਉਨ੍ਹਾਂ ਦੇ ਹੈਲਮੇਟ ਦਾ ਸ਼ੀਸ਼ਾ ਸੁਰਖ ਲਾਲ ਸੀ ਅਤੇ ਕਮੀਜ਼ 'ਤੇ ਲਾਲ ਧੱਬੇ ਸਨ। ਸਾਰੇ ਘਬਰਾ ਗਏ। ਤੁਰੰਤ ਦੋ ਵਿਅਕਤੀ ਸਹਾਰਾ ਦੇ ਕੇ ਉਨ੍ਹਾਂ ਨੂੰ ਘਰ ਅੰਦਰ ਲੈ ਗਏ। ਬਿਜਲੀ ਨਹੀਂ ਸੀ ਤਾਂ ਇੱਕ ਵਿਅਕਤੀ ਪੱਖੀ ਝੱਲਣ ਲੱਗਾ, ਇੱਕ ਨੇ ਜੁੱਤੀ ਅਤੇ ਜੁਰਾਬਾਂ ਲਾਹੁਣੀਆਂ ਸ਼ੁਰੂ ਕੀਤੀਆਂ। ਸਾਰੇ ਸਦਮੇ ਵਿੱਚ ਸਨ। ਇੰਨਾ ਖ਼ੂਨ...?
ਚਾਚਾ ਜੀ ਤੋਂ ਪੁੱਛਿਆ, ''ਚਾਚਾ ਜੀ, ਕੀ ਹੋਇਆ? ਕੋਈ ਵੱਡਾ ਹਾਦਸਾ? ਕਿਤੇ ਡਿੱਗ ਪਏ ਸੀ ਤੁਸੀਂ?''
ਚਾਚਾ ਜੀ ਬੋਲੇ, ''ਨਹੀਂ ਓਏ, ਪਾਨ ਥੁੱਕਣ ਵੇਲੇ ਭੁੱਲ ਗਿਆ ਕਿ ਹੈਲਮੇਟ ਦਾ ਸ਼ੀਸ਼ਾ ਬੰਦ ਹੈ।''

***********

ਪ੍ਰਤੀਯੋਗਤਾ 'ਚ ਸ਼ਰਤ ਲੱਗੀ ਸੀ ਕਿ ਖੁਸ਼ੀ ਨੂੰ ਤਿੰਨ ਸ਼ਬਦਾਂ ਵਿੱਚ ਲਿਖੋ।
ਸਾਰੇ ਕਿਤਾਬਾਂ ਦੇ ਸਫੇ ਫਰੋਲਣ ਲੱਗੇ, ਪਰ ਸੋਨੂੰ ਨੇ ਲਿਖ ਦਿੱਤਾ, ''ਪਤਨੀ ਪੇਕੇ ਗਈ।''
ਉਹ ਪਹਿਲਾ ਇਨਾਮ ਜਿੱਤ ਗਿਆ।

***********

ਨੀਰਜ, ''ਦੁਨੀਆ ਦੇ ਦੋ ਸਭ ਤੋਂ ਘਾਤਕ ਹਥਿਆਰਾਂ ਦੇ ਨਾਂਅ ਦੱਸੋ?''
ਸੁਮਿਤ, ''ਪਤਨੀ ਦੇ ਹੰਝੂ ਤੇ ਗੁਆਂਢਣ ਦੀ ਸਮਾਈਲ।''

***********

ਪਤੀ, ''ਮੈਨੂੰ ਥੱਪੜ ਕਿਉਂ ਮਾਰਿਆ? ਮੈਂ ਕੀ ਗਲਤੀ ਕੀਤੀ?''
ਪਤਨੀ, ''ਤੁਸੀਂ ਕੋਈ ਗਲਤੀ ਕਰੋ, ਉਸ ਦੇ ਲਈ ਮੈਂ ਉਡੀਕ ਥੋੜ੍ਹਾ ਹੀ ਕਰਦੀ ਰਹਾਂਗੀ।''

***********

ਇੱਕ ਬੜਾ ਕਮਜ਼ੋਰ ਆਦਮੀ ਬਾਜ਼ਾਰ 'ਚ ਜਾ ਰਿਹਾ ਸੀ। ਉਸੇ ਵੇਲੇ ਉਥੋਂ ਇੱਕ ਔਰਤ ਆਪਣੀ ਕਾਰ ਲੈ ਕੇ ਆਈ ਅਤੇ ਆਦਮੀ ਨੂੰ ਉਸ ਵਿੱਚ ਬੈਠਣ ਲਈ ਕਿਹਾ। ਆਦਮੀ ਖੁਸ਼ ਹੋ ਗਿਆ ਅਤੇ ਸੋਚਣ ਲੱਗਾ ਕਿ ਕਾਸ਼! ਮੈਂ ਇਸ ਨੂੰ ਪਸੰਦ ਆ ਜਾਵਾਂ।
ਔਰਤ ਨੇ ਘਰ ਜਾ ਕੇ ਉਸ ਨੂੰ ਇੱਕ ਕਮਰੇ ਵਿੱਚ ਬਿਠਾ ਦਿੱਤਾ ਅਤੇ ਅੰਦਰੋਂ ਆਪਣੇ ਬੱਚਿਆਂ ਨੂੰ ਲੈ ਆਈ।
ਫਿਰ ਬੋਲੀ, ''ਦੇਖੋ ਬੱਚਿਓ, ਜੇ ਤੁਸੀਂ ਠੀਕ ਤਰ੍ਹਾਂ ਖਾਣਾ ਨਹੀਂ ਖਾਓਗੇ ਤਾਂ ਬਿਲਕੁਲ ਇਸ ਆਦਮੀ ਵਰਗੇ ਹੋ ਜਾਵੋਗੇ।''
ਮਹਿੰਦਰ (ਹੋਟਲ ਵਾਲੇ ਨੂੰ), ''ਥੋੜ੍ਹੀਆਂ ਪਿਆਜ਼ ਦੀਆਂ ਛਿੱਲਾਂ ਚਾਹੀਦੀਆਂ ਹਨ।''
ਹੋਟਲ ਵਾਲਾ, ''...ਪਰ ਪਿਆਜ਼ ਦੀਆਂ ਛਿੱਲਾਂ ਦਾ ਕੀ ਕਰੋਗੇ?''
ਮਹਿੰਦਰ, ''ਕੁੜੀ ਵਾਲੇ ਦੇਖਣ ਆ ਰਹੇ ਹਨ, ਛਿੱਲਾਂ ਬਾਹਰ ਡਸਟਬਿਨ ਵਿੱਚ ਪਾ ਕੇ ਰੱਖਾਂਗਾ ਤਾਂ ਜੋ ਉਨ੍ਹਾਂ ਨੂੰ ਲੱਗੇ ਕਿ ਮੈਂ ਖਾਂਦੇ-ਪੀਂਦੇ ਘਰ ਤੋਂ ਹਾਂ।''

***********

ਪੁੱਤਰ-ਪਾਪਾ, ਮਾਸਟਰ ਜੀ ਤਾਂ ਸਾਰਾ ਦਿਨ ਸਾਡੇ ਕੋਲੋਂ ਹੀ ਪੁੱਛਦੇ ਰਹਿੰਦੇ ਹਨ। ਦੱਸੋ ਬੱਚਿਓ ! ਬਾਬਰ ਕਦੋਂ ਪੈਦਾ ਹੋਇਆ? 10+10 ਕਿੰਨੇ ਹੁੰਦੇ ਹਨ। ਉਨ੍ਹਾਂ ਨੂੰ ਆਪ ਤਾਂ ਕੁੱਝ ਵੀ ਨਹੀਂ ਆਉਂਦਾ।
ਬੱਚੇ ਨੇ ਪਿਤਾ ਕੋਲੋਂ ਅਧਿਆਪਕ ਨੂੰ ਦੇਣ ਲਈ ਦੋ ਰੁਪਏ ਮੰਗੇ।
ਕਾਰਨ ਪੁੱਛਣ 'ਤੇ ਉਸ ਨੇ ਦੱਸਿਆ ''ਮੈਂ ਇੱਕ ਦਿਨ ਸਕੂਲ ਲੇਟ ਗਿਆ ਸੀ।'' ਪਿਤਾ ਨੇ ਬੱਚੇ ਨੂੰ ਉਲਟਾ ਥੱਪੜ ਮਾਰਿਆ ਅਤੇ ਕਿਹਾ ''ਲੇਟਣਾ ਹੀ ਸੀ ਤਾਂ ਘਰ ਵਿੱਚ ਕਿਉਂ ਨਹੀਂ ਲੇਟ ਲਿਆ।''

***********

ਗ੍ਰਾਹਕ-ਕੈਮਿਸਟ ਨੂੰ-ਬੱਚੇ ਲਈ ਕੁੱਝ ਵਿਟਾਮਨ ਚਾਹੀਦੇ ਹਨ।
ਕੈਮਿਸਟ-ਕਿਹੜਾ ਏ, ਬੀ ਜਾਂ ਸੀ?
ਗ੍ਰਾਹਕ-ਕੋਈ ਵੀ ਚੱਲੇਗਾ। ਮੇਰੇ ਬੇਟੇ ਨੂੰ ਅੰਗਰੇਜ਼ੀ ਨਹੀਂ ਆਉਂਦੀ।

***********

ਇੱਕ ਫਕੀਰ ਨੇ ਆਵਾਜ਼ ਮਾਰੀ, ''ਅੱਲ੍ਹਾ ਦੇ ਨਾਮ 'ਤੇ ਰੋਟੀ ਦੇ ਦਿਓ।''
''ਬਾਬਾ ਜੀ, ਮੰਮੀ ਘਰ ਨਹੀਂ ਹੈ, ਅੰਦਰੋਂ ਆਵਾਜ਼ ਆਈ ''ਭਾਈ ਮੈਨੂੰ ਰੋਟੀ ਚਾਹੀਦੀ, ਤੁਹਾਡੀ ਮੰਮੀ ਨਹੀਂ,'' ਫਕੀਰ ਬੋਲਿਆ।

***********

ਟ੍ਰੇਨ ਵਿੱਚ ਟੀ.ਟੀ. ਨੇ ਇੱਕ ਬੱਚੇ ਨੂੰ ਉਸ ਦੀ ਉਮਰ ਪੁੱਛੀ।
ਬੱਚੇ ਨੇ ਕਿਹਾ ''ਘਰ ਵਿੱਚ ਪੰਦਰਾਂ ਸਾਲ, ਸਕੂਲ ਵਿੱਚ ਤੇਰਾਂ ਅਤੇ ਟ੍ਰੇਨ ਵਿੱਚ ਗਿਆਰਾਂ ਸਾਲ।''

***********

ਵਿਅਕਤੀ (ਸੁੰਦਰ ਨਰਸ ਨੂੰ), ''ਮੈਂ ਤੁਹਾਨੂੰ ਪਹਿਲਾਂ ਕਿਤੇ ਦੇਖਿਆ ਹੈ ਤੇ ਤੁਹਾਡੇ ਨਾਲ ਘੁਲ ਮਿਲ ਕੇ ਗੱਲਾਂ ਵੀ ਕੀਤੀਆਂ ਹਨ, ਪਰ ਯਾਦ ਨਹੀਂ ਆ ਰਿਹਾ ਕਿ ਕਿਥੇ ਦੇਖਿਆ ਹੈ।''
ਨਰਸ, ''ਤੁਸੀਂ ਮੈਨੂੰ ਜ਼ਰੂਰ ਦੇਖਿਆ ਹੋਵੇਗਾ ਤੇ ਗੱਲਾਂ ਵੀ ਕੀਤੀਆਂ ਹੋਣਗੀਆਂ। ਇਸ ਤੋਂ ਪਹਿਲਾਂ ਮੈਂ ਪਾਗਲਾਂ ਦੇ ਹਸਪਤਾਲ ਵਿੱਚ ਨਰਸ ਸੀ, ਹੁਣੇ-ਹੁਣੇ ਮੇਰਾ ਤਬਾਦਲਾ ਹੋਇਆ ਹੈ।''

***********

ਸ਼ੀਲਾ (ਸਹੇਲੀ ਮੀਨਾ ਨੂੰ), 'ਮੇਰੇ ਪਤੀ ਬਹੁਤ ਸਿੱਧੇ ਹਨ। ਮੇਰੇ ਇਲਾਵਾ ਕਿਸੇ ਵੱਲ ਵੀ ਅੱਖ ਚੁੱਕ ਕੇ ਨਹੀਂ ਦੇਖਦੇ।'
ਮੀਨਾ, ''ਮੇਰੇ ਪਤੀ ਤੇਰੇ ਪਤੀ ਤੋਂ ਚਾਰ ਕਦਮ ਅੱਗੇ ਹਨ।
ਪਰਾਈ ਔਰਤ ਤਾਂ ਕੀ, ਉਹ ਮੇਰੇ ਵੱਲ ਵੀ ਅੱਖ ਚੁੱਕ ਕੇ ਨਹੀਂ ਦੇਖਦੇ।''

***********

*************

ਇਕ ਵਾਰ ਨੇਤਾ ਜੀ ਆਪਣੇ ਇਲਾਕੇ ਦਾ ਦੌਰਾ ਕਰਨ ਲਈ ਟਰੇਨ ਵਿੱਚ ਜਾ ਰਹੇ ਸਨ। ਟਰੇਨ 'ਚ
ਵਾਰਨਿੰਗ ਲਿਖੀ ਸੀ; 'ਬਿਨਾਂ ਟਿਕਟ ਯਾਤਰਾ ਕਰਨ ਵਾਲੇ ਯਾਤਰੀ ਹੁਸ਼ਿਆਰ।'
ਨੇਤਾ ਜੀ ਕਹਿਣ ਲੱਗੇ, ''ਹੈਂ! ਜੋ ਟਿਕਟ ਲੈ ਕੇ ਯਾਤਰਾ ਕਰ ਰਹੇ ਹਨ, ਉਹ ਸਭ ਬੇਵਕੂਫ ਹਨ?''

*************

ਨੇਤਾ ਜੀ, ''ਮੈਨੂੰ ਵੋਟ ਦਿਓ, ਮੈਂ ਤੁਹਾਡੇ ਪਿੰਡ ਨੂੰ ਸਵਰਗ ਬਣਾ ਦੇਵਾਂਗਾ।''
ਸੁਣਨ ਵਾਲੇ, ''...ਪਰ ਜਨਾਬ ਅਸੀਂ ਤਾਂ ਅਜੇ ਜਿਉਂਦੇ ਰਹਿਣਾ ਹੈ। ਸ਼ਹਿਰ ਹੀ ਬਣਾ ਦਿਓ।''

*************

ਅਮਿਤ, ''ਸ਼ਰਾਬੀ ਮਰਨ ਤੋਂ ਬਾਅਦ ਨਰਕ ਵਿੱਚ ਜਾਂਦੇ ਹਨ ਜਾਂ ਸਵਰਗ ਵਿੱਚ?''
ਸੁਮਿਤ, ''ਮੈਨੂੰ ਨਹੀਂ ਪਤਾ। ਉਂਝ ਤੂੰ ਕਿੱਥੇ ਜਾਣਾ ਚਾਹੁੰਦੇ ਏਂ?''
ਅਮਿਤ, ''ਦੋਵਾਂ ਵਿੱਚੋਂ ਇਕ ਜਗ੍ਹਾ ਤਾਂ ਜਾਣਾ ਹੀ ਪਵੇਗਾ।''ਸੁਮਿਤ, ''ਤੂੰ ਚਲਾ ਜਾਵੀਂ, ਪੀਣ ਤੋਂ ਬਾਅਦ ਮੈਂ ਤਾਂ ਕਿਤੇ ਜਾਂਦਾ ਨਹੀਂ।''

*******

ਚਿੰਟੂ (ਪੰਡਿਤ ਨੂੰ), ''ਮੈਨੂੰ ਸੰਸਕ੍ਰਿਤ ਸਿਖਾ ਦਿਓ ਪੰਡਿਤ ਜੀ।
''ਪੰਡਿਤ, ''ਭਲਾ ਕਿਉਂ?''
ਚਿੰਟੂ, ''ਇਹ ਦੇਵਤਿਆਂ ਦੀ ਭਾਸ਼ਾ ਹੈ, ਸਵਰਗ ਵਿੱਚ ਲੋੜ ਪਵੇਗੀ।''
ਪੰਡਿਤ, ''...ਪਰ ਜੇ ਤੂੰ ਨਰਕ ਵਿੱਚ ਚਲਾ ਗਿਆ ਤਾਂ?''ਚਿੰਟੂ, ''ਫਿਰ ਗਾਲ੍ਹਾਂ ਕੱਢਣੀਆਂ ਆਉਂਦੀਆਂ ਹੀ ਹਨ?''

*************

ਰੇਲ ਗੱਡੀ ਦੇ ਡੱਬੇ ਵਿੱਚ ਚਿੰਟੂ ਦੀ ਮਾਂ ਨੇ ਉਸ ਨੂੰ ਕਿਹਾ, ''ਚੁੱਪ ਬੈਠਾ ਰਹਿ, ਸ਼ਰਾਰਤ ਕੀਤੀ ਤਾਂ ਮਾਰਾਂਗੀ।''
ਚਿੰਟੂ, ''ਤੁਸੀਂ ਮੈਨੂੰ ਮਾਰਿਆ ਤਾਂ ਮੈਂ ਟਿਕਟ ਚੈਕਰ ਨੂੰ ਆਪਣੀ ਸਹੀ ਉਮਰ ਦੱਸ ਦੇਵਾਂਗਾ।''

*************

ਕੁੜੀ, ''ਤੁਸੀਂ ਸਾਰੇ ਮੁੰਡੇ ਇਕੋ ਜਿਹੇ ਕਿਉਂ ਹੁੰਦੇ ਹੋ?''
ਮੁੰਡਾ, ''ਅਸਲ ਵਿੱਚ ਅਸੀਂ ਮੇਕਅੱਪ ਨਹੀਂ ਕਰਦੇ ਨਾ, ਇਸ ਲਈ।''

*************

ਇਕ ਵਿਆਹੇ ਹੋਏ ਆਦਮੀ ਨੇ ਆਪਣੀ ਕਵਿਤਾ ਵਿੱਚ ਲਿਖਿਆ, ''ਮਾਂਗ ਭਰਨੇ ਕੀ ਸਜ਼ਾ ਕੁਛ ਇਸ ਕਦਰ ਪਾ ਰਹਾ ਹੂੰ ਕਿ ਮਾਂਗ ਪੂਰੀ ਕਰਤੇ-ਕਰਤੇ ਮਾਂਗ ਕੇ ਖਾ ਰਹਾ ਹੂੰ।''

*************

ਪੱਪੂ (ਪਾਪਾ ਨੂੰ), ''ਪਾਪਾ, ਵਿਆਹ ਲਈ ਕਿੰਨੇ ਪੈਸੇ ਚੁਕਾਉਣੇ ਪੈਂਦੇ ਹਨ?''ਪਾਪਾ, ''ਪਤਾ ਨਹੀਂ, ਮੈਂ ਤਾਂ ਅਜੇ ਤੱਕ ਚੁਕਾ ਰਿਹਾ ਹਾਂ।''

*************








# ਗਰੀਬ ਤੋਂ ਲੈ ਕੇ ਅਮੀਰ ਭਾਰਤੀ ਵੱਡੀ ਗਿਣਤੀ ਵਿੱਚ ਭਾਰਤ ਤੋਂ ਕਰ ਰਹੇ ਨੇ ਪ੍ਰਵਾਸ

ਹਾਲ ਹੀ ਵਿੱਚ, ਜਦੋਂ 303 ਭਾਰਤੀਆਂ ਨੂੰ ਲੈਕੇ ਜਹਾਜ਼ ਨਿਕਾਰਗੁਆ ਜਾ ਰਿਹਾ ਸੀ ਤਾਂ ਫਰਾਂਸ ਤੋਂ ਵਾਪਸ ਭੇਜ ਦਿਤਾ ਗਿਆ ਸੀ।ਇਸ ਤੋਂ ਬਾਅਦ ਇਹ ਖੁਲਾਸਾ ਹੋਇਆ ਸੀ ਕਿ ਇਨ੍ਹਾਂ ਭਾਰਤੀਆਂ ਨੇ ਨਿਕਾਰਾਗੁਆ ਤੋਂ ਗੈਰ ਕਨੂੰਨੀ ਢੰਗ ਨਾਲ ਅਮਰੀਕੀ ਸਰਹੱਦ ਵਿੱਚ ਦਾਖਲ ਹੋਣਾ ਸੀ। ਇਹ ਸਭ ਚੰਗੇ ਰੁਜਗਾਰ ਦੀ ਤਲਾਸ਼ ਵਿਚ ਅਮਰੀਕਾ ਜਾਣਾ ਚਾਹੁੰਦੇ ਸਨ।

ਯਾਦ ਰਹੇ ਕਿ ਭਾਰਤ ਵਿਚੋਂ 'ਡੰਕੀ' ਜਾਂ 'ਡੌਂਕੀ' ਰਾਹੀਂ ਪ੍ਰਵਾਸ ਰੋਕਣ ਅਤੇ ਨੌਜਵਾਨਾਂ ਨੂੰ ਆਪਣੇ ਮੁਲਕ ਵਿਚ ਟਿਕੇ ਰਹਿਣ ਦੇ ਮੌਕੇ ਪ੍ਰਦਾਨ ਕਰਨ ਵਿਚ ਕੇਂਦਰ ਦੀਆਂ ਸਰਕਾਰਾਂ ਦੀ ਕਾਰਗੁਜ਼ਾਰੀ ਫਿੱਕੀ ਰਹੀ ਹੈ। ਭਾਰਤ ਸਰਕਾਰ ਨੇ 2022 ਤੱਕ 10 ਲੱਖ ਲੋਕਾਂ ਨੂੰ ਵਿਦੇਸ਼ ਭੇਜਣ ਦਾ ਟੀਚਾ ਮਿੱਥਿਆ ਸੀ ਤਾਂ ਜੋ ਗ਼ੈਰ-ਕਾਨੂੰਨੀ ਪ੍ਰਵਾਸ ਨੂੰ ਨੱਥ ਪਾਈ ਜਾ ਸਕੇ। ਬਾਵਜੂਦ ਇਸ ਦੇ ਹਰ ਰੋਜ਼ 2000 ਦੇ ਕਰੀਬ ਭਾਰਤੀ ਗ਼ੈਰ-ਕਾਨੂੰਨੀ ਤੌਰ 'ਤੇ ਜਹਾਜ਼ ਚੜ੍ਹ ਰਹੇ ਹਨ।

ਇੰਟਰਨੈਸ਼ਨਲ ਆਰਗੇਨਾਈਜੇਸ਼ਨ ਫ਼ਾਰ ਮਾਈਗਰੇਸ਼ਨ ਦੀ ਇਕ ਤਾਜ਼ਾ ਰਿਪੋਰਟ ਅਨੁਸਾਰ ਹਰ ਸਾਲ 7 ਲੱਖ 25 ਹਜ਼ਾਰ ਭਾਰਤੀ ਗ਼ੈਰ-ਕਾਨੂੰਨੀ ਤੌਰ 'ਤੇ ਪ੍ਰਵਾਸ ਕਰਦੇ ਹਨ। ਇਨ੍ਹਾਂ ਵਿਚੋਂ ਵੱਡੀ ਗਿਣਤੀ ਭਾਰਤੀਆਂ ਦੀ ਪਹਿਲੀ ਪਸੰਦ ਅਮਰੀਕਾ ਹੈ।

ਅੰਕੜਿਆਂ ਅਨੁਸਾਰ ਸਾਲ 2014 ਤੋਂ ਲੈ ਕੇ ਪਿਛਲੇ ਸਾਲ ਦੇ ਅੰਤ ਤੱਕ ਗ਼ੈਰ-ਕਾਨੂੰਨੀ ਤੌਰ 'ਤੇ ਦੂਜੇ ਦੇਸ਼ਾਂ ਵਿਚ ਪ੍ਰਵੇਸ਼ ਕਰਦੇ 50 ਹਜ਼ਾਰ ਭਾਰਤੀ ਮਾਰੇ ਗਏ ਹਨ ਜਾਂ ਲਾਪਤਾ ਹੋਏ ਹਨ। ਅਮਰੀਕਾ ਪੁੱਜਣ ਲਈ ਭਾਰਤੀਆਂ ਨੂੰ ਕਈ ਦੇਸ਼ਾਂ ਵਿਚੋਂ ਦੀ ਹੋ ਕੇ ਲੰਘਣਾ ਪੈਂਦਾ ਹੈ। ਦਿੱਲੀ ਤੋਂ ਅਮਰੀਕਾ ਦੀ ਦੂਰੀ 14 ਹਜ਼ਾਰ ਕਿੱਲੋਮੀਟਰ ਦੱਸੀ ਗਈ ਹੈ। ਇਸ ਵਿਚ 'ਡੰਕੀ ਰੂਟ' ਦਾ 4600 ਕਿਲੋਮੀਟਰ ਰਸਤਾ ਵੀ ਸ਼ਾਮਿਲ ਹੈ।

ਰਿਪੋਰਟ ਅਨੁਸਾਰ ਅਮਰੀਕਾ ਵਿਚ ਦਾਖ਼ਲ ਹੋਣ ਦੇ ਇੱਛੁਕ ਭਾਰਤੀਆਂ ਨੂੰ ਸਭ ਤੋਂ ਪਹਿਲਾਂ ਲਾਤੀਨੀ ਅਮਰੀਕਾ ਦੇ ਦੇਸ਼ ਇਕਵਾਡੋਰ ਲਿਜਾਇਆ ਜਾਂਦਾ ਹੈ। ਉਥੋਂ ਦਾ ਵੀਜ਼ਾ ਏਅਰਪੋਰਟ 'ਤੇ ਮਿਲ ਜਾਂਦਾ ਹੈ, ਜਿਸ ਕਰਕੇ ਕੋਈ ਦਿੱਕਤ ਨਹੀਂ ਆਉਂਦੀ। ਇਕਵਾਡੋਰ ਤੋਂ ਬਾਅਦ ਸਭ ਤੋਂ ਪਹਿਲਾਂ ਕੋਲੰਬੀਆ ਪਹੁੰਚਣਾ ਹੁੰਦਾ ਹੈ, ਇਹ ਰਸਤਾ ਸਮੁੰਦਰ ਰਾਹੀਂ ਤੈਅ ਕਰਨ ਲਈ ਕਿਹਾ ਜਾਂਦਾ ਹੈ। ਕੋਲੰਬੀਆ ਤੋਂ ਅਗਲਾ ਸੁਰੱਖਿਅਤ ਪੜਾਅ ਪਨਾਮਾ ਹੁੰਦਾ ਹੈ, ਜਿੱਥੋਂ ਜੰਗਲ ਰਾਹੀਂ ਪੈਦਲ ਚੱਲ ਕੇ ਨਿਕਾਰਾਗੁਆ ਰਾਹੀਂ ਮੈਕਸੀਕੋ ਪੁੱਜਦੇ ਹਨ। ਅਮਰੀਕਾ ਅਤੇ ਮੈਕਸੀਕੋ ਦੀ ਸਰਹੱਦ 3100 ਕਿੱਲੋਮੀਟਰ ਲੰਮੀ ਹੈ, ਉਥੋਂ ਦੇ ਵੱਡੇ ਹਿੱਸੇ ਵਿਚ ਕੰਧ ਬਣੀ ਹੋਈ ਹੈ। ਕੰਧ ਟੱਪ ਕੇ ਅਮਰੀਕਾ ਵਿਚ ਦਾਖ਼ਲ ਕਰਵਾਇਆ ਜਾਂਦਾ ਹੈ। ਜਿਹੜੇ ਕੰਧ ਪਾਰ ਨਹੀਂ ਕਰ ਸਕਦੇ ਉਹ ਰੀਓ ਨਦੀ ਦਾ ਰਸਤਾ ਚੁਣਦੇ ਹਨ।

ਅਮਰੀਕਾ ਪੁੱਜ ਕੇ ਜ਼ਿਆਦਾਤਰ ਲੋਕ ਸਿਆਸੀ ਸ਼ਰਨ ਲੈਂਦੇ ਹਨ। ਕਈ ਭਾਰਤੀ ਹਾਲੇ ਵੀ ਅਮਰੀਕਾ ਵਿਚ ਗ਼ੈਰ-ਕਾਨੂੰਨੀ ਤੌਰ 'ਤੇ ਰਹਿੰਦੇ ਹਨ, ਜਿਨ੍ਹਾਂ ਵਿਚੋਂ ਹਰ ਸਾਲ ਹਜ਼ਾਰਾਂ ਪੁਲਿਸ ਦੇ ਹੱਥ ਲੱਗ ਜਾਂਦੇ ਹਨ। ਅਮਰੀਕਾ ਦੀ ਪੁਲਿਸ ਨੇ ਸਾਲ 2018 ਦੌਰਾਨ 8029 ਅਤੇ 2019 ਦੌਰਾਨ 19837 ਭਾਰਤੀਆਂ ਨੂੰ ਭਾਰਤ ਵਾਪਸ ਭੇਜਿਆ (ਡਿਪੋਰਟ) ਕੀਤਾ ਸੀ। ਸਾਲ 2020 ਵਿਚ ਇਹ ਗਿਣਤੀ 30662 ਅਤੇ 2021 ਨੂੰ 63927 ਨੂੰ ਪੁੱਜ ਗਈ ਸੀ। ਸਾਲ 2022 ਦੌਰਾਨ ਅਮਰੀਕਾ ਵਿਚ ਗ਼ੈਰ-ਕਾਨੂੰਨੀ ਤੌਰ 'ਤੇ ਰਹਿੰਦੇ 96917 ਭਾਰਤੀਆਂ ਨੂੰ ਅਮਰੀਕਾ ਦੀ ਪੁਲਿਸ ਨੇ ਫੜ ਲਿਆ ਸੀ।



ਅਮਰੀਕਾ ਤੋਂ ਬਾਅਦ ਗ਼ੈਰ-ਕਾਨੂੰਨੀ ਤੌਰ 'ਤੇ ਇੰਗਲੈਂਡ ਅਤੇ ਕੈਨੇਡਾ ਲਈ 'ਡੰਕੀ' ਲਾਈ ਜਾਂਦੀ ਹੈ।

ਪਿਛਲੇ ਕੁਝ ਸਾਲਾਂ ਵਿੱਚ, ਬਹੁਤ ਸਾਰੇ ਭਾਰਤੀ ਗੁਜਰਾਤ ਨੂੰ ਛੱਡਕੇ ਵਿਦੇਸ਼ ਵਲ ਪ੍ਰਵਾਸ ਕਰ ਗਏ ਪਰ 2020 ਦਾ ਦਹਾਕੇ ਦਾ ਭਾਰਤ ਗੁਜਰਾਤੀਆਂ ਨੂੰ ਨਿਰਾਸ਼ਾ ਤੇ ਬੇਰੁਜ਼ਗਾਰੀ ਕਾਰਣ ਦੇਸ਼ ਛੱਡਣ ਲਈ ਮਜਬੂਰ ਕਰ ਰਿਹਾ ਹੈ। 'ਦਾ ਹਿੰਦੂ' ਅਖਬਾਰ ਦੁਆਰਾ ਇਕ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਸਿਰਫ ਨਵੰਬਰ 2022 ਤੋਂ ਸਤੰਬਰ 2023 ਤੱਕ ਇਕੱਲੇ ਅਮਰੀਕਾ ਵਿਚ ਗੈਰ ਕਾਨੂੰਨੀ ਢੰਗ ਨਾਲ 96,917 ਭਾਰਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਦੀ ਤੁਲਨਾ ਵਿਚ 2019-20 ਵਿਚ 19,883 ਭਾਰਤੀ ਗੈਰਕਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਫੜੇ ਗਏ। ਰਹੇ ਸਨ, ਜਦੋਂ ਕਿ 2021-22 ਵਿਚ 63,927 ਵਿਅਕਤੀ ਫੜੇ ਗਏ।

ਨਰਿੰਦਰਮੋਦੀਡਾਟਇਨ ਨਾਮ ਦੀ ਵੈਬਸਾਈਟ ਉਪਰ 2014 ਦਾ ਇਕ ਲੇਖ ਹੈ ਦਿ ਗੁਜਰਾਤ ਮਾਡਲ' । ਇਸ ਵਿਚ ਦਾਅਵਾ ਕੀਤਾ ਕਿ "ਗੁਜਰਾਤ ਦੇ ਵਿਕਾਸ ਯਾਤਰਾ ਨੂੰ ਭਾਰਤ ਅਤੇ ਵਿਸ਼ਵ ਵਿਚ ਪ੍ਰਸ਼ੰਸਾ ਮਿਲੀ ਹੈ।"

ਅੱਜ, ਇਕ ਪਾਸੇ ਰੁਜ਼ਗਾਰ ਦੀ ਭਾਲ ਵਿਚ ਗੁਜਰਾਤੀ ਵਿਦੇਸ਼ਾਂ ਵਿਚ ਜਾਣ ਲਈ ਗੈਰ ਕਨੂੰਨੀ ਰਾਹ ਅਪਨਾ ਰਹੇ ਹਨ ਅਤੇ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ, ਦੂਜੇ ਪਾਸੇ ਗੁਜਰਾਤ ਦੇ ਵਿਕਾਸ ਦੇ ਝੂਠੇ ਦਾਅਵੇ ਮੋਦੀ ਸਰਕਾਰ ਵਲੋਂ ਕੀਤੇ ਜਾ ਰਹੇ ਹਨ।

ਲੰਡਨ ਸਥਿਤ ਗਲੋਬਲ ਸਿਟੀਜ਼ਨਸ਼ਿਪ ਅਤੇ ਰਿਹਾਇਸ਼ੀ ਸਲਾਹਕਾਰ ਫਰਮ ਹੈਨਲੇ ਐਂਡ ਪਾਟਨਰਜ ਨੇ 2022 ਵਿੱਚ ਦਸਿਆ ਕਿ 7500 ਧੰਨਾ ਸੇਠਾਂ ਨੇ ਵਿਦੇਸ਼ਾਂ ਵਿੱਚ ਵੱਸਣ ਅਤੇ ਉਥੋਂ ਦੀ ਨਾਗਰਿਕਤਾ ਲੈਣ ਲਈ ਭਾਰਤ ਛਡ ਦਿਤਾ। ਵਿਸ਼ਵ ਨਿਵੇਸ਼ ਬੈਂਕ 'ਮੋਰਗਨ ਸਟੈਨਲੀ' ਨੇ ਅੰਦਾਜ਼ਾ ਲਗਾਇਆ ਕਿ 2014 ਅਤੇ 2018 ਦੇ ਵਿਚਕਾਰ, 23,000 ਕਰੋੜਪਤੀ ਭਾਰਤੀ ਭਾਰਤ ਛੱਡ ਗਏ ਤੇ ਵਿਦੇਸ਼ਾਂ ਦੇ ਨਿਵਾਸੀ ਹੋ ਗਏ। ਬਹੁਤ ਸਾਰੇ ਦੇਸ਼ ਅਮੀਰ ਭਾਰਤੀਆਂ ਨੂੰ ਨਾਗਰਿਕਤਾ ਵੇਚ ਰਹੇ ਹਨ।

ਹਰ ਸਾਲ, 2 ਮਿਲੀਅਨ ਤੋਂ ਵੱਧ ਭਾਰਤੀਆਂ ਦੇ ਪ੍ਰਵਾਸ ਕਾਰਣ, ਪ੍ਰਵਾਸੀ ਭਾਰਤੀਆਂ ਦੀ ਗਿਣਤੀ 3 ਕਰੋੜ ਹੋ ਚੁਕੀ ਹੈ।ਵਿਦੇਸ਼ੀ ਮਾਈਗ੍ਰੇਸ਼ਨ ਦੇ ਕਾਰਨ ਵਿਭਿੰਨ ਖੇਤਰਾਂ ਅਤੇ ਪੇਸ਼ਿਆਂ ਵਿੱਚ ਹੁਣ ਭਾਰਤੀ ਚੀਨੀਆਂ ਨਾਲੋਂ ਵਧੇਰੇ ਵਿਦੇਸ਼ਾਂ ਵਿਚ ਵਸੇ ਹਨ।

ਭਾਰਤ ਦੇ ਵਿਦੇਸ਼ ਮੰਤਰੀ ਐਸ ਜੈ ਸ਼ੰਕਰ ਨੇ 21 ਜੁਲਾਈ 2023 ਨੂੰ ਸੰਸਦ ਵਿਚ ਇਕ ਸਵਾਲ ਦਾ ਜਵਾਬ ਦਿੰਦੇ ਹੋਏ ਕਿਹਾ ਸੀ ਕਿ 2022 ਵਿਚ ਕੁੱਲ 2,25,260 ਭਾਰਤੀਆਂ ਨੇ ਆਪਣੀ ਭਾਰਤੀ ਨਾਗਰਿਕਤਾ ਦਿੱਤੀ ਸੀ।2020 ਦੌਰਾਨ 85,256 ਭਾਰਤੀਆਂ ਨੇ ਨਾਗਰਿਕਤਾ ਤਿਆਗੀ।ਕੁਲ ਮਿਲਾ ਕੇ,ਸਾਲ 2011 ਤੋਂ 2022 ਤੱਕ 16,63,440 ਭਾਰਤੀਆਂ ਨੇ ਆਪਣੀ ਨਾਗਰਿਕਤਾ ਛੱਡ ਕੇ ਵਿਦੇਸ਼ਾਂ ਵਿਚ ਜਾ ਵਸੇ। 2023 ਦੇ ਪਹਿਲੇ ਛੇ ਮਹੀਨਿਆਂ ਵਿੱਚ, ਇਹ ਅੰਕੜਾ 87,026 ਹੋ ਗਿਆ ਸੀ।ਵਿਦੇਸ਼ ਮੰਤਰੀ ਨੇ ਅੱਗੇ ਕਿਹਾ ਕਿ "ਪਿਛਲੇ ਦੋ ਦਹਾਕਿਆਂ ਵਿੱਚ ਆਪਣੇ ਰੁਜ਼ਗਾਰ ਦੀ ਭਾਲ ਵਿੱਚ ਹੋਰਨਾਂ ਦੇਸ਼ਾਂ ਵਿੱਚ ਪ੍ਰਵਾਸ ਕਰਨ ਵਾਲੇ ਭਾਰਤੀ ਨਾਗਰਿਕਾਂ ਦੀ ਗਿਣਤੀ ਬਹੁਤ ਵੱਡੀ ਰਹੀ ਹੈ। ਉਨ੍ਹਾਂ ਵਿਚੋਂ ਬਹੁਤਿਆਂ ਨੇ ਨਿੱਜੀ ਸਹੂਲਤਾਂ ਦੇ ਕਾਰਨਾਂ ਕਰਕੇ ਵਿਦੇਸ਼ੀ ਨਾਗਰਿਕਤਾ ਲਈ ਸੀ।"

ਅਸਲ ਗਲ ਇਹ ਹੈ ਕਿ ਭਾਰਤ ਦੀਆਂ ਵਿਰੋਧੀ ਸਥਿਤੀਆਂ ਗਰੀਬਾਂ ਅਤੇ ਮਿਡਲ ਕਲਾਸ ਭਾਰਤੀਆਂ ਨੂੰ ਵਿਦੇਸ਼ਾਂ ਵਲ ਮਾਈਗਰੇਟ ਕਰਨ ਲਈ ਮਜਬੂਰ ਕਰ ਰਹੀਆਂ ਹਨ। ਇਹ ਭਾਰਤੀਆਂ ਦੀ ਚਿੰਤਾ ਦੀ ਨਿਸ਼ਾਨੀ ਹੈ।

# ਖੜਗੇ ਤੇ ਸੋਨੀਆ ਅਯੁੱਧਿਆ ਨਹੀਂ ਜਾਣਗੇ



ਨਵੀਂ ਦਿੱਲੀ:ਕਾਂਗਰਸ ਨੇ ਬੁੱਧਵਾਰ ਕਿਹਾ ਕਿ ਸੋਨੀਆ ਗਾਂਧੀ, ਮਲਿਕਾਰਜੁਨ ਖੜਗੇ ਤੇ ਅਧੀਰ ਰੰਜਨ ਚੌਧਰੀ 22 ਜਨਵਰੀ ਨੂੰ ਅਯੁੱਧਿਆ ਵਿਚ ਰਾਮਲਲਾ ਦੇ ਪ੍ਰਾਣ ਪ੍ਰਤਿਸ਼ਠਾ ਸਮਾਰੋਹ ਵਿਚ ਸ਼ਾਮਲ ਨਹੀਂ ਹੋਣਗੇ। ਇੰਡੀਆ ਗੱਠਜੋੜ ਦੇ ਭਾਈਵਾਲਾਂ ਵੱਲੋਂ ਵੱਖ-ਵੱਖ ਬਿਆਨ ਆਉਣ ਦਰਮਿਆਨ ਕਾਂਗਰਸ ਦੇ ਸਟੈਂਡ ਬਾਰੇ ਲੱਗ ਰਹੀਆਂ ਕਿਆਸਅਰਾਈਆਂ ਨੂੰ ਵਿਰਾਮ ਦੇਣ ਲਈ ਪਾਰਟੀ ਨੇ ਬਿਆਨ ਜਾਰੀ ਕਰਕੇ ਇਹ ਜਾਣਕਾਰੀ ਦਿੱਤੀ ਹੈ। ਕਾਂਗਰਸ ਨੇ ਕਿਹਾ ਹੈ ਕਿ ਸਮਾਰੋਹ ਸਾਫ ਤੌਰ 'ਤੇ ਆਰ ਐੱਸ ਐੱਸ ਤੇ ਭਾਜਪਾ ਦਾ ਇਵੈਂਟ ਬਣ ਗਿਆ ਹੈ।

ਕਾਂਗਰਸ ਨੇ ਕਿਹਾ ਹੈਭਗਵਾਨ ਰਾਮ ਸਾਡੇ ਦੇਸ਼ ਵਿਚ ਲਖੂਖਾ ਲੋਕਾਂ ਵੱਲੋਂ ਪੂਜੇ ਜਾਂਦੇ ਹਨ। ਧਰਮ ਨਿੱਜੀ ਮਾਮਲਾ ਹੁੰਦਾ ਹੈ, ਪਰ ਆਰ ਐੱਸ ਐੱਸ ਤੇ ਭਾਜਪਾ ਨੇ ਅਯੁੱਧਿਆ ਵਿਚ ਮੰਦਰ ਨੂੰ ਸਿਆਸੀ ਪ੍ਰੋਜੈਕਟ ਬਣਾ ਧਰਿਆ ਹੈ। ਚੋਣ ਲਾਹਾ ਲੈਣ ਲਈ ਭਾਜਪਾ ਤੇ ਆਰ ਐੱਸ ਐੱਸ ਅਧੂਰੇ ਮੰਦਰ ਦਾ ਅਗਾਊਂ ਉਦਘਾਟਨ ਕਰਨ ਜਾ ਰਹੇ ਹਨ। ਸੁਪਰੀਮ ਕੋਰਟ ਦੇ 2019 ਦੇ ਫੈਸਲੇ ਅਤੇ ਭਗਵਾਨ ਰਾਮ ਨੂੰ ਮੰਨਣ ਵਾਲੇ ਲਖੂਖਾ ਲੋਕਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਸ੍ਰੀ ਮਲਿਕਾਰੁਜਨ ਖੜਗੇ, ਸ੍ਰੀਮਤੀ ਸੋਨੀਆ ਗਾਂਧੀ ਤੇ ਸ੍ਰੀ ਅਧੀਰ ਰੰਜਨ ਨੇ ਆਰ ਐੱਸ ਐੱਸ ਤੇ ਭਾਜਪਾ ਦੇ ਇਵੈਂਟ ਦਾ ਸੱਦਾ ਸਤਿਕਾਰ ਸਹਿਤ ਨਾਮਨਜ਼ੂਰ ਕਰ ਦਿੱਤਾ ਹੈ।

ਬਿਆਨ ਵਿਚ ਕਿਹਾ ਗਿਆ ਹੈ ਕਿ ਕਾਂਗਰਸ ਪ੍ਰਧਾਨ ਤੇ ਰਾਜ ਸਭਾ ਵਿਚ ਆਪੋਜ਼ੀਸ਼ਨ ਦੇ ਆਗੂ ਸ੍ਰੀ ਮਲਿਕਾਰਜੁਨ ਖੜਗੇ, ਕਾਂਗਰਸ ਸੰਸਦੀ ਦਲ ਦੀ ਚੇਅਰਪਰਸਨ ਸ੍ਰੀਮਤੀ ਸੋਨੀਆ ਗਾਂਧੀ ਤੇ ਲੋਕ ਸਭਾ ਵਿਚ ਕਾਂਗਰਸ ਪਾਰਟੀ ਦੇ ਆਗੂ ਸ੍ਰੀ ਅਧੀਰ ਰੰਜਨ ਚੌਧਰੀ ਨੂੰ ਪਿਛਲੇ ਮਹੀਨੇ ਰਾਮ ਮੰਦਰ ਦੇ ਉਦਘਾਟਨ ਵਿਚ ਸ਼ਾਮਲ ਹੋਣ ਦਾ ਸੱਦਾ ਮਿਲਿਆ ਸੀ।

ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਹੈ ਕਿ ਕਾਂਗਰਸ ਆਪਣੇ ਫੈਸਲੇ 'ਤੇ ਪਛਤਾਏਗੀ। ਭਾਜਪਾ ਆਗੂ ਨਲਿਨ ਕੋਹਲੀ ਨੇ ਕਿਹਾ ਕਿ ਕਾਂਗਰਸ ਦੇ ਫੈਸਲੇ ਤੋਂ ਹੈਰਾਨੀ ਨਹੀਂ ਹੋਈ, ਕਿਉਕਿ ਉਹ ਭਗਵਾਨ ਰਾਮ ਦੀ ਹੋਂਦ ਨੂੰ ਨਹੀਂ ਮੰਨਦੀ।

**Full Cleaning Service**

ਦਫਤਰ, ਨਵੇਂ ਪੁਰਾਣੇ ਘਰ ਦੀ ਤਸੱਲੀਬਖਸ਼ ਸਫਾਈ ਕਰਦੇ ਹਾਂ।ਵੀਕਐਂਡ ਅਤੇ ਸ਼ਾਮ ਨੂੰ ਵੀ ਸੇਵਾਵਾਂ ਦਿੰਦੇ ਹਾਂ।

**ਹੋਰ ਜਾਣਕਾਰੀ ਲਈ ਫੋਨ ਕਰੋ**

**604-518-4698**

**THE GRAND TAJ**

**BANQUET HALL**

Khalsa Business Centre, 84th Ave. & 128th St., Surrey



*CATERING SERVICE & MUSIC ARRANGEMENT*

*Caterings ~ Weddings ~ Engagements ~ Birthdays ~ Conferences & much more*

ਗੁਰਦਵਾਰਾ ਸਾਹਿਬ ਦੀ ਕੇਟਰਿੰਗ

ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ

**604-599-4342**

Fax: 604-599-4818

Email: grandtaj@grandtaj.com

www.grandtaj.com

Our Facilities Are Perfect For:

WEDDINGS * RECEPTION

BIRTHDAY PARTIES

ANNIVERSARIES

CORPORATE FUNCTIONS

BUSINESS MEETINGS

Capacity from 100 to 1200

Ladies Parties Special

# ਕਵਿਤਾਵਾਂ

## ਸ਼ਹਾਦਤਾਂ ਦੇ ਕਿੱਸੇ

**ਹਰਮਿੰਦਰ ਸਿੰਘ ਕੋਹਾਰਵਾਲਾ**

ਹੁਲਾਰੇ ਦੇਣ ਦੁਨੀਆ ਨੂੰ, ਅਸੂਲਾਂ ’ਤੇ ਅੜੇ ਕਿੱਸੇ।
ਤਵੀ ਦੀ ਤਪਸ਼ ਦੇ ਉੱਤੇ, ਸ਼ਹੀਦਾਂ ਦੇ ਰੜ੍ਹੇ ਕਿੱਸੇ।
ਸਿਫ਼ਾਰਸ਼ ਹੈ ਤੇ ਰਿਸ਼ਵਤ ਵੀ, ਮਿਲ਼ੇ ਇਨਸਾਫ਼ ਕੀ ਏਥੇ,
ਅਦਾਲਤ ਸੱਚ ਮੰਨਦੀ ਹੈ, ਵਕੀਲਾਂ ਦੇ ਘੜੇ ਕਿੱਸੇ।
ਰਿਹਾ ਜੋ ਸੱਚ ’ਤੇ ਅੜਿਆ, ਬਣਾ ਕੇ ਕੇਸ ਉਹ ਫੜਿਆ,
ਘਰੋਂ ਸੀ ਲੋਕ ਲਹਿਰਾਂ ਦੇ, ਸਿਪਾਹੀਆਂ ਨੇ ਫੜੇ ਕਿੱਸੇ।
ਰਹੇ ਨਾ ਜੋ ਅਸੂਲਾਂ ’ਤੇ, ਫੜੇ ਨਾ ਜੋ ਕਨੂੰਨਾਂ ਨੇ,
ਘਿਰੇ ਜੋ ਘਪਲਿਆਂ ਅੰਦਰ, ਵਜ਼ੀਰਾਂ ਦੇ ਬੜੇ ਕਿੱਸੇ।
ਗੁਲਾਮੀ ਦਾ ਜ਼ਮਾਨਾ ਸੀ, ਸਲਾਖਾਂ ਸਨ ਸਿਪਾਹੀ ਸਨ,
ਬਗ਼ਾਵਤ ਦੇ ਸ਼ਹਾਦਤ ਦੇ, ਆਕਾਸ਼ਾਂ ’ਤੇ ਚੜ੍ਹੇ ਕਿੱਸੇ।
ਸੁਣੇ ਨਾ ਆਪ ਮਾਵਾਂ ਨੇ, ਪੜ੍ਹਾਏ ਨਾ ਸਲੇਬਸ ਵਿਚ,
‘ਸਰਾਭੇ’ ਤੇ ‘ਸੁਤੰਤਰ’ ਦੇ, ਕਿਵੇਂ ਜਾਂਦੇ ਪੜ੍ਹੇ ਕਿੱਸੇ।

## ਭਾਗਾਂ ਵਾਲਾ

**ਮਨਜੀਤ ਸਿੰਘ**

ਤੂੰ ਮੇਰਾ ਸੀ ਹੁਣ ਵੀ ਹੈਂ
ਮੇਰੇ ਪੰਜਾਬ, ਤੂੰ ਮੇਰਾ ਹੀ ਰਹੇਂ
ਉਨ੍ਹਾਂ ਦਾ ਵੀ ਜੋ ਤੈਨੂੰ ਆਪਣਾ ਸੱਦਦੇ
ਇਤਿਹਾਸ ਤੇਰਾ ਤੇਰਾ ਪਿਛੋਕੜ
ਸੁਣਿਆ ਪੜ੍ਹਿਆ ਕੁਝ ਸੁਣਾਇਆ
ਸੱਚ ਜਾਣੀ ਲਾਸਾਨੀ ਹੈ
ਤੇ ਮੈਂ ਭਾਗਾਂ ਵਾਲਾ ਸੱਚ ਜਾਣੀ
ਤੇਰੀ ਗੋਦ ਮਾਣ ਰਿਹਾਂ
ਰੁੱਤਾਂ, ਲੋੜਾਂ, ਥੋੜਾਂ, ਅਸੀਂ
ਸਮੇਂ ਦੇ ਚੱਕਰ ਵਿੱਚ ਬੱਝੇ
ਤੇ ਹੇ ਮੇਰੇ ਪੰਜਾਬ,
ਸਮੇਂ ਨੇ ਤੈਨੂੰ ਵੀ
ਚੱਕਰ ਵਿੱਚ ਨਹੀਂ
ਚੱਕਰਾਂ ਵਿੱਚ ਰੱਖਿਆ
ਫਰੀਦ ਬਾਬਾ, ਬਾਬਾ ਨਾਨਕ,
ਗੁਰੂ ਸਾਹਿਬ, ਭਗਤ, ਸੂਰਮੇ,
ਖੋਜੀ, ਸਿਰੜੀ ਤੇਰੇ ਜਾਏ
ਦੋਪਾਸੜ ਸਿੱਕੇ ਵਾਂਗ
ਲਾਜ ਲਾਉਣ ਵਾਲੇ ਵੀ ਜੇ
ਦੂਰੋਂ ਆਏ ਤਾਂ ਇੱਥੇ ਵੀ ਜਾਏ
ਪੰਜਾਂ ਪਾਣੀਆਂ ਦੀ ਧਰਤ ਨੂੰ
ਕਦੇ ਫਰੰਗੀਆਂ ਕਦੇ ਉਨ੍ਹਾਂ ਦੇ
ਚਿੱਟ ਕੱਪੜੀਏ ਵਾਰਸਾਂ ਨੇ
ਚੱਪਾ ਕੁ ਕਰ ਰੱਖ ਦਿੱਤਾ
ਹੁਣ ਵੀ ਹੋਰਨਾਂ ਦੀਆਂ
ਅੱਖਾਂ ਵਿੱਚ ਤੂੰ ਰੜਕੇਂ
ਮਾਖਿਓਂ ਮਿੱਠੀ ਤੇਰੀ ਬੋਲੀ
ਤੇਰੇ ਵਿੱਚ ਹੀ ਕਿਉਂ
ਸਹਿਕਦੀ ਸਹਿਕਦੀ ਜਾਪੇ
ਹੋਰਨਾਂ ਦਾ ਗਿ਼ਲਾ ਨਾ ਕੋਈ
ਤੇਰੇ ਆਪਣੇ ਜਾਏ ਜਦ
ਮੇਰੀ ਮਾਂ-ਬੋਲੀ ਨਕਾਰਦੇ
ਤੇਰੀ ਦੇਹੀ ਵਿੱਚੋਂ ਜਿੰਦ ਮਾਰਦੇ
ਲਾਹਨਤ ਲਾਹਨਤ
ਕਿਸੇ ਝੂਠੀ
ਸ਼ੋਹਰਤ ਦੇ ਬਦਲੇ ਤੇਰੀ ਬੋਲੀ
ਤੇਰੇ ਸਕੇ ਜੋ ਅੰਗੀਕਾਰ ਨਾ ਕਰਦੇ
ਮੇਰੇ ਪੰਜਾਬ, ਕਈ ਤੈਨੂੰ
ਨਸ਼ਿਆਂ, ਲੁੱਟਾਂ-ਖੋਹਾਂ, ਹਥਿਆਰਾਂ,
ਚਿੱਟਾ, ਮਾਫੀਆ ਇੱਥੇ ਤੱਕ ਕਿ
ਬੇਈਮਾਨੀ ਵਿੱਚ ਗਲਤਾਨ
ਵੀ ਆਖਦੇ
ਜੇ ਅਗਨੀ ਹੈ ਤਾਂ ਹੀ ਧੂੰਆਂ ਗੰਧ
ਪਰ ਤੇਰੇ ਅਦੀਬ ਸ਼ਾਇਰ ਪਾਤਰ
ਉਹ ਸੁਰਜੀਤ ਦੇ ਬੋਲਾਂ ਵਾਂਗ
ਬਹਾਰਾਂ ਦੀ ਮੁੜ ਉਡੀਕ ਹੈ
ਆਵਾ ਪੂਰਾ ਊਤਿਆ ਨਹੀਂ ਹਜੇ
ਕਿਰਤ ਕਮਾਈ ਵਾਲੇ
ਹੱਥ ਵਧਾ ਹੱਥ ਫੜਨ ਵਾਲੇ
ਸਰਹੱਦਾਂ ’ਤੇ ਖੜ੍ਹਨ ਵਾਲੇ
ਖੁੱਲ੍ਹੇ ਗੁਰੂਦਰਾਂ ਤੇ ਲੰਗਰਾਂ ਵਾਲੇ
ਅਹੁਦਿਆਂ ਵਾਲੇ ਇਲਮਾਂ ਵਾਲੇ
ਅੱਜ ਵੀ ਹੈਨ ਤੇਰੇ
ਜਾ ਦਿੱਲੀ ਅੜਨ ਵਾਲੇ
ਲੋੜ ਹੈ ਹਜੇ ਹੋਰ
ਕਿਰਤ ਦੇ ਮੌਕਿਆਂ ਦੀ
ਤੇਰੀ ਹਦੂਦ ਵਿੱਚ ਹੀ
ਤੇਰੇ ਕਿਰਤੀਆਂ ਲਈ
ਸ਼ਾਲਾ ਤੇਰੇ ਆਪਣੇ ਜਾਏ
ਕਿਰਤ ਦੀ ਭਾਲ ਵਿੱਚ
ਵਿਦੇਸ਼ੀਂ ਨਾ ਰੁਲਣ
ਤੇ ਆ ਬੇਗਾਨੇ ਤੇਰੇ ’ਤੇ ਰਾਜ ਦੀ
ਆਸ ਨਾ ਰੱਖਣ, ਹੇ ਮੇਰੇ ਪੰਜਾਬ।

## ਸਿਫ਼ਤਾਂ ਸੋਹਣੇ ਪੰਜਾਬ ਦੀਆਂ

ਸੁਣ ਓ ਵੀਰੇ ਸੁਣਾਵਾਂ ਸਿਫ਼ਤਾਂ ਸੋਹਣੇ ਪੰਜਾਬ ਦੀਆਂ,
ਮਹਿਕਾਂ ਆਵਣ ਉਦਾਂ ਜੀਕਣ ਫੁੱਲ ਗੁਲਾਬ ਦੀਆਂ।
ਹਰ ਮੌਸਮ ਇਸ ਦੀ ਧਰਤ ’ਤੇ ਆਉਂਦਾ ਹੈ,
ਕਦੇ ਮੱਧਮ ਸੂਰਜ ਕਦੇ ਬੜਾ ਰਸ਼ਨਾਉਂਦਾ ਹੈ।
ਸਤਲੁਜ ਬਾਤਾਂ ਪੁਛਦੈ ਰਾਵੀ ਕੋਲੋਂ ਚਨਾਬ ਦੀਆਂ,
ਸੁਣ ਓ ਵੀਰੇ ਸੁਣਾਵਾਂ ਸਿਫ਼ਤਾਂ ਸੋਹਣੇ ਪੰਜਾਬ ਦੀਆਂ।
ਆਫ਼ਤ ਆਣ ਪਵੇ ਤਾਂ ਥਾਂ-ਥਾਂ ਲੰਗਰ ਲਗਦੇ ਨੇ,
ਪਾਣੀ ਪੀਣ ਨੂੰ ਮੰਗਦਾ ਕੋਈ ਦੁੱਧ ਹੀ ਵੰਡਦੇ ਨੇ।
ਖ਼ੁਸ਼ ਹੋ ਵੰਡੀ ਜਾਵਣ ਚੀਜ਼ਾਂ ਬੇਹਿਸਾਬ ਜੀਆਂ,
ਸੁਣ ਓ ਵੀਰੇ ਸੁਣਾਵਾਂ ਸਿਫ਼ਤਾਂ ਸੋਹਣੇ ਪੰਜਾਬ ਦੀਆਂ।
ਮੌਜ ’ਚ ਰਹਿੰਦੇ ਜਾ ਕੇ ਪਿੰਡਾਂ ਵਾਲੇ ਵੇਖ ਲਵੀਂ,
ਸਿਆਲ ’ਚ ਪਾਈ ਰਖਦੇ ਧੂੰਈਆਂ ਸੇਕ ਲਵੀਂ।
ਗੱਲਾਂ ਨਾ ਬਹੁਤੀਆਂ ਗੌਲਣ ਕਿਸੇ ਨਵਾਬ ਦੀਆਂ,
ਸੁਣ ਓ ਵੀਰੇ ਸੁਣਾਵਾਂ ਸਿਫ਼ਤਾਂ ਸੋਹਣੇ ਪੰਜਾਬ ਦੀਆਂ।
ਤੂੰ ‘ਬਲਜੀਤ’ ਕਦੇ ਜੇ ਹੋਵੇਂ ਵਿਚ ਉਦਾਸੀ ਦੇ,
ਸੱਥ ’ਚ ਜਾ ਕੇ ਦੇਖੀਂ ਫੁੱਟਦੇ ਫੁਹਾਰੇ ਹਾਸੀ ਦੇ।
ਭਰ-ਭਰ ਮੁਠੀਆਂ ਲੈਜੀਂ ਵੀਰੇ ਸਾਡੇ ਰਿਵਾਜ ਦੀਆਂ,
ਸੁਣ ਓ ਵੀਰੇ ਸੁਣਾਵਾਂ ਸਿਫ਼ਤਾਂ ਸੋਹਣੇ ਪੰਜਾਬ ਦੀਆਂ।

**-ਬਲਜੀਤ ਸਿੰਘ ਅਕਲੀਆ**






# FRASERVIEW MEATS

Fraserview Meats — Fresh tastes better

*The Name of Guaranteed Quality Meats*



*Number One Quality Meat in Lower Mainland*

We also sell cooked chicken
We take orders for all occassion

Serving You Since 1993

Try our Special Chicken Tikkar



Jagir S. Nagra

**604-592-2900**

#102-12047-80th Ave. Surrey (Besides Mega Fruticana)
www.fraserviewmeats.com

# Rai Express Lines Ltd.



# Hiring

Team Owner Operators

- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

**Call today 604-503-6900**

Email-kal@raiexpresslines.com www. raiexpressline.com

Unit 125-7475 135th Street, BC V3W 0M8

ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

# ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ

ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ
150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਯੂ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

**778-928-4522, 778-565-4141, 778-565-3232**


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
Special Sale 3 PCS Set $1150
2 PCS SOFA & LOVE SEAT $1550
2 PCS SOFA & LOVE SEAT $1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ਼ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# LANGLEY BANQUET HALL



ਵਿਆਹ-ਸ਼ਾਦੀ, ਜਨਮ ਦਿਨ ਜਾ ਹੋਰ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ

**ਲੈਂਗਲੀ ਬੈਂਕੁਇਟ ਹਾਲ**

ਬੁੱਕ ਕਰੋ।

- Wedding • Corporate Events
- Private Dinner • Bithday Parties
- Gurudwara and Live Catering

ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।

Call:Davinder Grewal

**604-537-9759**

info@langleybanquethall.com

3227 264 St UNIT #6, Aldergrove, BC V4W 2X3



# ਇੰਡੋ-ਕੈਨੇਡਾ ਟਰੈਵਲ ਏਜੰਸੀ

**INDO CANADA TRAVEL AGENCY**



## ਘੱਟ ਕਿਰਾਇਆ - ਸਹੀ ਸਲਾਹ

*Best Airfares with Quality Assistance*

ਇੰਡੀਆ ਅਤੇ ਦੁਨੀਆਂ ਭਰ ਵਿੱਚ ਕਿਤੇ ਵੀ ਜਾਣ-ਆਉਣ ਲਈ ਸਪੈਸ਼ਲ ਰੇਟ ਤੇ ਟਿੱਕਟਾਂ ਖ਼ਰੀਦੋ

+1 604 388 9696 , 604 503 8011

**#217-8028-128St, Surrey, BC**

(Little India Plaza) (Second Floor)



# .Ck Auto.

SALE

BUY 4 TIRES & GET ALLIGNMENT AT 1/2 PRICE

FLAT TYRE REPAIR FREE



NEW

AUPLUS Comforser BRIDGESTONE MICHELIN

**40% off**

ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ

ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

## CK AUTO SERVICES LTD.

*Clearance Sale* *Limited Quantity

On All Seasons & Winter Tires (Auplus & Comforser)



TARSHOTAM BIRAN

215/70R16 COMFORSER
Reg: ~~$155.00~~
Now : $70.00



235/65R17 COMFORSER
Reg: ~~$220.00~~
Now : $95.00



245/65R17 COMFORSER
Reg: ~~$240.00~~
Now : $100.00



215/70R15 GOOD YEAR INTEGRITY
Reg: ~~$120.00~~
Now : $90.00



SALE

**Comforser**
Size: 205/60/16
Reg Price: ~~$110~~
Sale Price : $55



**Auplus**
Size: 205/60/16
Reg Price: ~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ ਦੇ ਟਾਇਰ ਵੀ ਵੇਚਦੇ ਹਾਂ

ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

**Cell: 778-322-1610, Tel: 604-592-2667** #106-13112-84th Ave.,Surrey